
ਗਸਤ ੧੯੯੨
੧/੫੦



ਮਾਸਕ **ਵਰਿਆਮ** ਅਗਸਤ ੧੯੯੨

ਜਿਲਦ ਨੰ: ੭ ਅੰਕ ਨੰ: ੧੦

ਸੰਪਾਦਕ : ਜਗਦੀਸ਼ ਸਿੰਘ

ਮੁਲ ਪ੍ਰਤੀ ਕਾਪੀ : ੧-੫੦ ਰਪਿਆ
ਸਾਲਾਨਾ ਚੰਦਾ ਦੇਸ : ੧੫ ਰੁਪਏ
" " ਵਿਦੇਸ਼ : ੪੦ ਰੁਪਏ (ਸਮੁੰਦਰੀ ਡਾਕ ਰਾਹੀਂ
" " ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : ੩੦੦ ਰੁਪਏ ਕੇਵਲ ਦੇਸ ਵਿਚ

ਦਫਤਰ ਦਾ ਪਤਾ :	Office Address
ਮਾਸਕ ਵਰਿਆਮ,	Monthly WARIAM
ਲਾਡੋਵਾਲੀ ਰੋਡ	(Punjabi)
ਜਲੰਧਰ—੧੪੪੦੦੧,	Ladowali Road
ਫੋਨ: ੭੨੫੦੪ ਪੀ, ਪੀ	Jalandhar-144001
	Phone : 72504 PP

ਵਰਿਆਮ ਸਕਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਫਰਚ, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਗਿਆਨੀ ਜ਼ੈਲ ਸਿੰਘ :
ਭਾਰਤ ਦੇ ਸਤਵੇਂ ਰਾਸ਼ਟਰਪਤੀ

—ਜਗਦੀਸ਼ ਸਿੰਘ

ਗਿਆਨੀ ਜ਼ੈਲ ਸਿੰਘ ਜੀ ਭਾਰਤ ਦੇ ਰਾਜ ਸਿੰਘਾਸਨ ਤੇ ਸੁਸ਼ੋਭਿਤ ਹੋ ਗਏ ਹਨ । ੨੫ ਜੁਲਾਈ ੧੯੮੨ ਦੇ ਤਾਰੀਖੀ ਐਤਵਾਰ ਨੂੰ ਰਾਸ਼ਟਰਪਤੀ ਭਵਨ ਦੇ ਦਰਬਾਰ ਹਾਲ ਵਿਚ ਇਕ ਵਿਸ਼ੇਸ਼ ਸਮਾਗਮ ਵਿਚ ਜੰਗੇ-ਅਜ਼ਾਦੀ ਦੇ ਇਸ ਸਿਰੜੀ ਘੁਲਾਟੀਏ ਨੇ ਭਾਰਤ ਦੇ ਸਤਵੇਂ ਰਾਸ਼ਟਰਪਤੀ ਵਜੋਂ ਸਹੁੰ ਚੁਕੀ। ਪਹਿਲੀ ਵੇਰ ਦੇਸ਼ ਦੇ ਲੋਕਾਂ ਨੇ ਦੂਰ-ਦਰਸ਼ਨ ਤੇ ਨਾਲੋ ਨਾਲ ਕਿਸੇ ਰਾਸ਼ਟਰਪਤੀ ਦੇ ਪਦ ਗ੍ਰਹਿਣ ਦੀ ਰਸਮ ਵੇਖੀ।

ਸੈਂਕੜੇ ਏਕੜਾਂ ਵਿਚ ਫੈਲਿਆ ਭਾਰਤ ਦੇ ਪ੍ਰਥਮ ਨਾਗਰਿਕ ਦਾ ਨਿਵਾਸ ਅਸਥਾਨ ਅੰਗਰੇਜ਼ਾਂ ਦੇ ਰਾਜ ਸਮੇਂ ਹਿੰਦੁਸਤਾਨ ਦੇ ਵਾਇਸਰਾਏ ਦਾ ਨਿਵਾਸ ਅਸਥਾਨ ਹੁੰਦਾ ਸੀ। ਇਹ ਇਨਕਲਾਬ ਦੀ ਗਲ ਹੈ ਕਿ ਕਿਸੇ ਵਕਤ ਵਾਇਸਰਾਏ ਦੀ ਅੰਗਰੇਜ਼ ਹਕੂਮਤ ਵਿਰੁਧ ਲੜਨ ਵਾਲਾ, ਅੰਗਰੇਜ਼ ਦੇ ਚਾਟੜੇ ਦੇਸੀ ਰਾਜਿਆਂ ਦੀਆਂ ਜੇਹਲਾਂ ਕੱਟਣ ਵਾਲਾ ਕਿਰਤੀ ਕਿਸਾਨ ਉਸ ਵਾਇਸਰਾਏ ਲਾਜ ਦਾ ਮਾਲਕ ਬਣ ਗਿਆ ਹੈ । ਉਸ ਦੇ ਅਧਿਕਾਰ ਇੰਗਲੈਂਡ ਦੇ ਬਾਦਸ਼ਾਹ ਜਿੰਨੇ ਹਨ । ਉਹ ਭਾਰਤ ਦੀਆਂ ਤਿੰਨੇ ਫੌਜਾਂ ਪੈਦਲ, ਹਵਾਈ ਅਤੇ ਸਮੁੰਦਰੀ ਦਾ ਸੁਪਰੀਮ ਕਮਾਂਡਰ ਹੈ। ਉਸ ਦੇ ਅਗੇ ਵਿਦੇਸ਼ੀ ਰਾਜਦੂਤ ਝੁਕ ਕੇ ਪ੍ਰਮਾਣ ਪਤਰ ਪੇਸ਼ ਕਰਿਆ ਕਰਨਗੇ। ਕਈਆਂ ਸਿੱਖ ਸ਼ਰੇਣੀਆਂ ਵਲੋਂ ਕਿਹਾ ਜਾਂਦਾ ਦੋਹਰਾ 'ਰਾਜ ਕਰੇਗਾ ਖਾਲਸਾ' ਸਾਕਾਰ ਹੋਇਆ ਹੈ।

ਨਿਸਚੇ ਹੀ ਗਿਆਨੀ ਜ਼ੈਲ ਸਿੰਘ ਦੇ ਰਾਸ਼ਟਰਪਤੀ ਬਣਨ ਤੇ ਲੋਕਾਂ ਨੂੰ ਖੁਸ਼ੀ ਹੋਈ । ਪੰਜਾਬ ਵਾਲਿਆਂ ਨੂੰ ਇਕ ਪੰਜਾਬੀ ਦੇ ਰਾਜ ਗੱਦੀ ਤੇ ਬਹਿਣ ਕਰਕੇ, ਸਿਖਾਂ ਨੂੰ ਇਕ ਸਿਖ ਰਾਸ਼ਟਰਪਤੀ ਦੀ ਪੁਰਾਣੀ ਮੰਗ ਪੂਰੀ ਹੋਣ ਉਤੇ, ਰਾਮਗੜੀਆ ਬਰਾਦਰੀ ਅਤੇ ਪਿੰਡ ਸੰਧਵਾਂ ਦੇ ਲੋਕਾਂ ਨੂੰ ਆਪਣੀ ਬਰਾਦਰੀ ਜਾਂ ਪਿੰਡ ਦੇ ਬੰਦੇ ਨੂੰ ਉਚਤਮ ਪਦਵੀ ਮਿਲਣ ਉਤੇ। ਪਰ ਸੱਚੀ ਗਲ ਤਾਂ ਇਹ ਹੈ ਕਿ ਜਿਥੇ ਇਹ ਸਿਦਕ ਦੀ ਫਤਹਿ ਹੈ ਉਥੇ ਭਾਰਤ ਵਿਚ ਵਿਗਸ ਰਹੇ ਲੋਕ ਰਾਜ ਜਾਂ ਜਮਹੂਰੀਅਤ ਦੀ ਜਿਤ ਹੈ।

ਗਿਆਨੀ ਜ਼ੈਲ ਸਿੰਘ ਦੀ ਚੋਣ ਸ੍ਰੀਮਤੀ ਇੰਦਰਾ ਗਾਂਧੀ ਦੀ ਸਫਲ ਸਿਆਸੀ ਹਿਕਮਤ ਅਮਲੀ ਦਾ ਸਿੱਟਾ ਹੈ। ਇਹ ਚੋਣ ਕੇਵਲ ਇਕ ਵਿਅਕਤੀ ਨੂੰ ਰਾਸ਼ਟਰਪਤੀ ਪਦ ਦੇ ਬਿਠਾਉਣ ਤਕ ਹੀ ਸੀਮਤ ਨਹੀਂ ਸੀ ਸਗੋਂ ਇਸ ਹੇਠ ਇਕ ਤਕੜੀ ਸਿਆਸੀ ਲੜਾਈ ਲੜੀ ਗਈ ਅਤੇ ਸ੍ਰੀਮਤੀ ਇੰਦਰਾ ਗਾਂਧੀ ਆਪਣੇ ਹਰੀਫਾਂ ਨੂੰ ਖਦੇੜਨ ਵਿਚ ਵੀ ਕਾਮਯਾਬ ਹੋਏ।



ਗਿਆਨੀ ਜ਼ੈਲ ਸਿੰਘ

ਭਾਵੇਂ ਜੋਤਸ਼ੀਆਂ ਨੇ ਕਈ ਪ੍ਰਕਾਰ ਦੀਆਂ ਭਵਿਖ-ਬਾਣੀਆਂ ਕੀਤੀਆਂ ਪਰ ਗਿਆਨੀ ਜੀ ਦੀ ਜਿੱਤ ਤਾਂ ਕੇਵਲ ਕਾਂਗਰਸ ਮੈਂਬਰਾਂ ਦੀਆਂ ਵੋਟਾਂ ਦੇ ਆਧਾਰ ਉਤੇ ਵੀ ਨਿਸਚਿਤ ਸੀ। ਪਰ ਇੰਦਰਾ-ਗਿਆਨੀ ਦਾ ਮੰਤਵ ਇਸ ਤੋਂ ਵਧੇਰੇ ਸੀ। ਗਿਆਨੀ ਜੀ ਦੇ ਚੋਣ ਦੌਰਿਆਂ ਦਾ ਸਿਟਾ ਇਹ ਨਿਕਲਿਆ ਕਿ ਵਡੀ ਗਿਣਤੀ ਵਿਚ ਗੈਰ-ਕਾਂਗਰਸੀ ਇਲਾ-ਕਾਈ ਪਾਰਟੀਆਂ ਨੇ ਉਹਨਾਂ ਨੂੰ ਸਮਰਥਨ ਦਿਤਾ। ਜੰਮੂ ਕਸ਼ਮੀਰ ਦੀ ਨੈਸ਼ਨਲ ਕਾਨਫਰੰਸ, ਪੰਜਾਬ ਦੇ ਅਕਾਲੀ ਦਲ, ਅਤੇ ਤਾਮਲਨਾਡੂ ਦੀਆਂ ਡੀ. ਐਮ. ਕੇ. ਪਾਰਟੀਆਂ ਅਤੇ ਹੋਰ ਖੇਤਰੀ ਪਾਰਟੀਆਂ ਨੇ ਇਕ ਕੁਲ ਹਿੰਦ ਇਸ਼ੂ ਤੇ ਇੰਦਰਾ ਦਾ ਸਾਥ ਦਿਤਾ । ਕੌਮੀ ਪਧਰ ਤੇ ਇਕ ਹੋਰ ਮਾਅਰਕਾ ਸ੍ਰੀਮਤੀ ਗਾਂਧੀ ਨੇ ਮਾਰਿਆ ਹੈ। ਪਿਛਲੇ ਕੁਝ ਸਾਲਾਂ ਤੋਂ ਕਮਿਊਨਿਸਟ ਪਾਰਟੀਆਂ ਖੱਬੇ ਜਮਹੂਰੀ ਮੁਹਾਜ਼ ਦੀਆਂ ਗੱਲਾਂ ਕਰਦੀਆਂ ਆ ਰਹੀਆਂ ਹਨ ਅਤੇ ਇਸ ਮੁਹਾਜ਼



ਵਿਗਿਆਨ ਭਵਨ ਨਵੀਂ ਦਿਲੀ ਵਿਚ ਇਕ ਪਹਿਲੇ ਸਮਾਗਮ ਸਮੇਂ ਗਿਆਨੀ ਜ਼ੈਲ ਸਿੰਘ ਅਤੇ ਸ: ਦਰਬਾਰਾ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਨਾਲ, ਤਸਵੀਰ ਵਿਚ ਮਹਾਰਾਜ ਬੀਰ ਸਿੰਘ ਜੀ, ਸੇਠ ਤ੍ਰਲੋਕ ਸਿੰਘ ਜੀ ਚਾਵਲਾ, ਸ: ਸੁਰਿੰਦਰ ਸਿੰਘ ਮਨਚੰਦਾ, ਸ: ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਅਤੇ ਮਾਸਟਰ ਨਿਹਾਲ ਸਿੰਘ ਜੀ ਵੀ ਹਨ ।

ਨੂੰ ਸਾਰੇ ਦੁਖਾਂ ਦਾ ਦਾਰੂ ਦਸਦੀਆਂ ਰਹੀਆਂ ਹਨ । ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਕਮਿਊਨਿਸਟਾਂ ਨੂੰ ਸਭ ਤੋਂ ਵੱਡਾ ਰੋਗ ਦਸਦੀ ਰਹੀ ਹੈ । ਇਹ ਦੋਵੇਂ ਧਿਰਾਂ ਇਕ ਦੂਜੇ ਨੂੰ ਚਿਮਟੇ ਨਾਲ ਵੀ ਛੂਹਣ ਲਈ ਤਿਆਰ ਨਹੀਂ ਸਨ । ਪਰ ਇਸ ਚੋਣ ਵਿਚ ਇਹ ਇਕ ਥਾਂ ਖਲੋਤੀਆਂ । ਇਸ ਤੋਂ ਜ਼ਾਹਰ ਹੋਇਆ ਹੈ ਕਿ ਮਤਲਬ ਵਾਸਤੇ ਇਹ ਕਿਥੋਂ ਤਕ ਜਾ ਸਕਦੀਆਂ ਹਨ । ਕਿਸੇ ਵੀ ਕੰਮ ਵਾਸਤੇ ਕਿਸੇ ਵੀ ਨਾਅਰੇ ਦਾ ਬਹਾਨਾ ਮਿਲ ਸਕਦਾ ਹੈ ਪਰ ਹਰ ਸਿਆਸੀ ਫੇਅਲ ਦਾ ਭੁਗਤਾਨ ਬਾਅਦ ਵਿਚ ਕਰਨਾ ਪੈਂਦਾ ਹੈ ।

ਇਸ ਚੋਣ ਨਾਲ ਇਹਨਾਂ ਪਾਰਟੀਆਂ ਦੀ ਲੀਡਰਸ਼ਿਪ ਦਾ ਕਿਰਦਾਰ ਸਭ ਦੇ ਸਾਹਮਣੇ ਆਇਆ ਹੈ ।

ਪੰਜਾਬ ਵਿਚ ਪਿਛਲੀ ਸਤੰਬਰ ਤੋਂ ਹਾਲਾਤ ਅਣ-ਸੁਖਾਵੇਂ ਰਹੇ ਹਨ । ਕਿਹਾ ਜਾਂਦਾ ਰਿਹਾ ਕਿ ਪੰਜਾਬ ਵਿਚਲੀ ਹਾਲਤ ਦਾ ਇਕ ਕਾਰਨ ਗਿਆਨੀ ਜ਼ੈਲ ਸਿੰਘ ਅਤੇ ਮੁਖ ਮੰਤਰੀ ਸ: ਦਰਬਾਰਾ ਸਿੰਘ ਦੀ ਪ੍ਰਸਪਰ ਨਾਚਾਕੀ ਹੈ । ਗਿਆਨੀ ਜੀ ਦੀ ਚੋਣ ਨਾਲ ਪੰਜਾਬ ਦੇ ਮਸਲੇ ਵਿਚੋਂ ਇਹ ਗੱਲ ਬਹੁਤ ਬਾਵਕਾਰ ਅਤੇ ਮਾਨ ਭਰੇ ਢੰਗ ਨਾਲ ਨਜਿਠੀ ਗਈ ਹੈ ਅਤੇ ਹੁਣ ਇਹ ਨਾਚਾਕੀ ਵਾਲੀ ਮਦ ਮਨਫੀ ਹੋ ਜਾਣ ਨਾਲ ਬਾਕੀ ਸਮਸਿਆ ਸੁਲਝਾਉਣ ਵਿਚ ਅਸਾਨੀ ਹੋ ਜਾਵੇਗੀ ।

ਪੰਜਾਬ ਦੀ ਪਰਮੁਖ ਵਿਰੋਧੀ ਧਿਰ ਅਕਾਲੀ ਪਾਰਟੀ ਦੇ ਵੱਖ ਵੱਖ ਗਰੁਪ ਸਿਖਾਂ ਨਾਲ ਵਿਤਕਰੇ ਦੀ ਗਲ ਲੰਮੇ ਸਮੇਂ ਤੋਂ ਕਰਦੇ ਆ ਰਹੇ ਹਨ । ਕਾਂਗਰਸ ਨਾਲ ਤਾਲਮੇਲ ਅਤੇ ਤੋੜ ਵਿਛੋੜੇ ਦੀ ਖੇਡ ਲੰਮੇ ਸਮੇਂ ਤੋਂ ਚਲਦੀ ਆ ਰਹੀ ਹੈ । ਸਿੱਖ ਨੂੰ ਰਾਸ਼ਟਰਪਤੀ ਬਨਾਉਣ ਦੀ ਮੰਗ ਵੀ ਕੀਤੀ ਜਾਂਦੀ ਰਹੀ । ਗਿਆਨੀ ਜ਼ੈਲ ਸਿੰਘ ਵਰਗੇ ਗੁਰਬਾਣੀ ਦੇ ਵਿਆਖਿਆਕਾਰ ਅਤੇ ਸਿੱਖ ਇਤਿਹਾਸ ਦੇ ਵੰਕਤਾ ਨੂੰ ਰਾਸ਼ਟਰਪਤੀ ਪਦ ਲਈ ਖੜਾ ਕਰਕੇ ਸ੍ਰੀਮਤੀ ਇੰਦਰਾ ਗਾਂਧੀ ਨੇ ਅਕਾਲੀਆਂ ਨੂੰ ਬਹੁਤ ਕਸੂਤੀ ਥਾਂ ਫਸਾ ਦਿਤਾ । ਗਿਆਨੀ ਜੀ ਨੂੰ ਵੋਟ ਪਾਉਣੀ ਵਿਰੋਧੀ ਧਿਰ ਦੀਆਂ

ਪੁਰਾਣੀਆਂ ਯਾਰੀਆਂ ਤੋਂ ਗਦਾਰੀ ਸੀ ਅਤੇ ਗਿਆਨੀ ਜੀ ਦੀ ਮੁਖਾਲਫਤ ਸਿਖ ਅਵਾਮ ਅਤੇ ਆਪਣੇ ਬਚਨਾਂ ਤੋਂ ਮੂੰਹ ਫੇਰਨ ਵਾਲੀ ਗੱਲ ਸੀ । ਅਕਾਲੀ ਭਾਵੇਂ ਗਿਆਨੀ ਦੀ ਹਿਮਾਇਤ ਨਾਲ ਸਿੱਧੇ ਪੈਰੀਂ ਹੀ ਡਿੱਗੇ ਹਨ ਪਰ ਸਿਆਸਤ ਦੀ ਬਸਾਤ ਤੇ ਉਹ ਫਿਰ ਮਾਤ ਖਾ ਗਏ ਹਨ।

ਹੁਣ ਅਸੀਂ ਕੁਝ ਅਜਿਹੀਆਂ ਗਲਾਂ ਨੂੰ ਲੈਂਦੇ ਹਾਂ ਜਿਨ੍ਹਾਂ ਦਾ ਮੁਖ ਮਸਲੇ ਨਾਲ ਕੋਈ ਸਬੰਧ ਨਹੀਂ ਪਰ ਉਹਨਾਂ ਨੂੰ ਮੂੰਹ ਜ਼ਬਾਨੀ ਜਾਂ ਅਖਬਾਰਾਂ ਵਿਚ ਉਛਾਲਿਆ ਜਾਂਦਾ ਹੈ।

ਸਾਡੇ ਦੇਸ਼ ਦੇ ਲੋਕਾਂ ਦਾ ਇਕ ਤਬਕਾ ਹਕੀਕਤਾਂ ਨੂੰ ਉਹਲੇ ਕਰਕੇ ਬਿਲਕੁਲ ਜਮਹੂਰੀਅਤ ਦੀ ਭਾਵਨਾ ਦੇ ਉਲਟ ਲਾਂਛਣ ਲਾਉਣ ਦੀ ਯੋਗਤਾ ਰਖਦਾ ਹੈ ਪਰ ਬਾਰ ਬਾਰ ਜਮਹੂਰੀਅਤ ਦਾ ਰੱਟਾ ਲਾਉਂਦਾ ਹੈ।

ਗਿਆਨੀ ਜ਼ੈਲ ਸਿੰਘ ਬਾਰੇ ਵੀ ਜ਼ਬਾਨੀ ਅਤੇ ਕਲਮ ਰਾਹੀਂ ਇਕ ਮੁਹਿੰਮ ਜਿਹੀ ਚਲਾਈ ਗਈ । ਕੁਝ ਅਖਬਾਰਾਂ ਰਸਾਲਿਆਂ ਵਾਲਿਆਂ ਗਿਆਨੀ ਜੀ ਬਾਰੇ ਬਹੁਤ ਮਸ਼ਕਰੀ ਵਾਲੀਆਂ ਗਲਾਂ ਅਤੇ ਲਤੀਫੇ ਲਿਖੇ ਹਨ। ਮਤਲਬ ਇਹ ਸਾਬਤ ਕਰਨਾ ਹੈ ਕਿ ਗਿਆਨੀ ਜ਼ੈਲ ਸਿੰਘ ਬਹੁਤੇ ਪੜ੍ਹੇ ਹੋਏ ਨਹੀਂ। ਉਹਨਾਂ ਨੂੰ ਕੁਝ ਪਤਾ ਨਹੀਂ। ਉਹਨਾਂ ਦੀ ਜ਼ਾਤ ਬਰਾਦਰੀ ਨੂੰ ਲੈ ਕੇ ਵੀ ਕਹਾਣੀਆਂ ਚੁਸਕੀਆਂ ਲਾ ਲਾ ਸੁਣਾਈਆਂ ਜਾਂਦੀਆਂ ਹਨ। ਇਹਨਾਂ ਲੋਕਾਂ ਦੇ ਮਤ ਅਨੁਸਾਰ ਭਾਰਤ ਦਾ ਰਾਸ਼ਟਰਪਤੀ ਕੋਈ ਅਜਿਹਾ ਵਿਅਕਤੀ ਚਾਹੀਦਾ ਸੀ ਜੋ ਅੰਗਰੇਜ਼ੀ ਭਾਸ਼ਾ ਦਾ ਪੰਡਤ ਹੁੰਦਾ । ਬਹੁਤ ਸਾਰੀਆਂ ਕਿਤਾਬਾਂ ਦਾ ਲੇਖਕ ਹੁੰਦਾ ਜਾਂ ਸਾਬਕਾ ਜਜ, ਵਕੀਲ ਜਾਂ ਰੱਜਿਆ ਪੁਜਿਆ ਮਹਾਰਾਜਾ ਹੁੰਦਾ ਜਾਂ ਉਪਰਲੀ ਸ਼ਰੇਣੀ ਦਾ ਅਜਿਹਾ ਹੀ ਵਿਅਕਤੀ। "ਗਿਆਨੀ ਜ਼ੈਲ ਸਿੰਘ ਨੇ ਕੀ ਕਿਸੇ ਨਾਲ ਗਲ ਕਰਨੀ ਹੈ ? ਇਹ ਕਾਂਹਦੀ ਜਮਹੂਰੀਅਤ ਹੋਈ ਜੋ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਬਣ ਗਿਆ ਹੈ ?" ਆਦਿ ਆਦਿ।

ਉਜਾਂ ਗਿਆਨੀ ਜ਼ੈਲ ਸਿੰਘ ਨਾਲ ਸ਼ੁਰੂ ਤੋਂ ਹੀ ਜੁੜੀਆਂ ਹੋਈਆਂ ਹਨ । ਪਰ ਕੁਦਰਤ ਦੀ ਗੱਲ ਵੇਖੋ ਜਿੰਨੀਆਂ ਗਲਾਂ ਗਿਆਨੀ ਜੀ ਵਿਰੁਧ ਹੁੰਦੀਆਂ ਹਨ ਓਨਾ ਹੀ ਉਹ ਉਚੀ ਪਦਵੀ ਤੇ ਜਾਂਦੇ ਹਨ। ਪਹਿਲਾਂ ਮੁਖ ਮੰਤਰੀ ਫੇਰ ਭਾਰਤ ਦੇ ਗ੍ਰਹਿ ਮੰਤਰੀ ਅਤੇ ਹੁਣ ਰਾਸ਼ਟਰਪਤੀ। ਇਸ ਦਾ ਕਾਰਨ ਭਾਰਤ ਵਿਚ ਜਮਹੂਰੀਅਤ ਦਾ ਬੋਲ-ਬਾਲਾ ਹੈ।

ਅਜ ਕਲ੍ਹ ਹਰ ਵਿਅਕਤੀ, ਅਮੀਰ ਗਰੀਬ ਨੂੰ ਤਰੱਕੀ ਕਰਨ ਦੇ ਇਕੋ ਜਿਹੇ ਵਸੀਲੇ ਪ੍ਰਾਪਤ ਦਸੇ ਜਾਂਦੇ ਹਨ ਪਰ ਹਕੀਕਤ ਇਹ ਹੈ ਕਿ "ਵਡਿਆਂ ਲੋਕਾਂ" ਦੇ ਬੱਚੇ ਧਨ ਦੌਲਤ' ਵਿਸ਼ੇਸ਼ ਸਕੂਲਾਂ ਦੀ ਪੜ੍ਹਾਈ ਅਤੇ ਸਫਾਰਸ਼ਾਂ ਦੇ ਜ਼ੋਰ ਤੇ ਵੱਡੀਆਂ ਛੋਟੀਆਂ ਪਦਵੀਆਂ ਤੇ ਜਾ ਬੈਠਦੇ ਹਨ। ਜੱਜਾਂ ਦੇ ਮੁੰਡੇ ਜੱਜ ਵਕੀਲ ਅਤੇ ਡਾਕਟਰਾਂ ਦੇ ਮੁੰਡੇ ਡਾਕਟਰ ਬਣਦੇ ਹਨ। ਇਵੇਂ ਹੀ ਹੋਰ ਕਿੱਤੇ ਅਤੇ ਵਪਾਰ ਦੀ ਗਲ ਹੈ ਮਤਲਬ ਕਿ 'ਉਪਰਲੇ' ਵਰਗ ਦੇ ਮੁੰਡੇ ਉਪਰ ਰਹਿੰਦੇ ਹਨ ਅਤੇ 'ਹੇਠਲੇ' ਵਰਗ ਦੇ ਬੱਚੇ ਥੱਲੇ। ਅਤੇ ਅੱਜ ਤੋਂ ਪੰਜਾਹ ਸਾਲ ਪਹਿਲਾਂ ਤਾਂ ਹੋਰ ਵੀ ਭੈੜੀ ਹਾਲਤ ਸੀ।

ਜੇ ਇਸ ਪ੍ਰਵਿਰਤੀ ਦੇ ਉਲਟ ਕੋਈ ਵਿਅਕਤੀ ਇਕ ਕਿਰਤੀ ਪਰਿਵਾਰ ਵਿਚੋਂ ਉਠ ਕੇ ਦੇਸ਼ ਦੇ ਦਾ ਸਰਵ ਉਚ ਅਧਿਕਾਰੀ ਦੀ ਪਦਵੀ ਤੇ ਪਹੁੰਚ ਸਕਦਾ ਹੈ ਤਾਂ ਇਸ ਤੋਂ ਵਡੀ ਜਮਹੂਰੀਅਤ ਦੀ ਜਿੱਤ ਹੋਰ ਕੀ ਹੋ ਸਕਦੀ ਹੈ।

ਇਕ ਵਿਅਕਤੀ ਆਪਣੇ ਅਤੇ ਆਪਣੇ ਪਰਿਵਾਰ ਲਈ ਸੁਖ ਸਮ੍ਰਿਧੀ ਸੋਚਦਾ ਵਿਉਂਤਦਾ ਅਤੇ ਕੈਰੀਅਰ ਬਨਾਉਣ ਲਈ ਯਤਨ ਕਰਕੇ ਜੱਜ, ਵਕੀਲ ਜਾਂ ਕੋਈ ਹੋਰ ਵਡਾ ਅਫਸਰ ਜਾਂ ਵਪਾਰੀ ਬਣਦਾ ਹੈ। ਦੂਸਰਾ ਇਹ ਸਭ ਕੁਝ ਛਡ ਕੇ ਦੇਸ਼ ਦੀ ਅਜ਼ਾਦੀ ਲਈ ਜੂਝਦਾ ਹੈ । ਆਪਣਾ ਕੈਰੀਅਰ ਨਹੀਂ ਬਣਾਉਂਦਾ ਪਰ ਆਪਣਾ ਸੁਖ ਚੈਨ ਐਸ਼ਵਰਜ ਤਿਆਗ ਕੇ ਜੇਲ੍ਹ ਜਾਂਦਾ ਹੈ' ਕੁਟ ਖਾਂਦਾ ਅਤੇ ਮੁਸੀਬਤਾਂ ਝਾਗਦਾ ਹੈ। ਉਹ ਲੋਕਾਂ ਦੀਆਂ ਖੁਸ਼ੀਆਂ ਗਮੀਆਂ ਦਾ ਭਾਈਵਾਲ ਬਣਦਾ ਹੈ। ਉਹ ਕੋਈ ਸਰਕਾਰੀ ਅਫਸਰ ਭਾਵੇਂ ਨਾ ਬਣੇ ਪਰ ਲੋਕਾਂ ਦੇ ਦਿਲਾਂ ਦਾ ਤਾਂ ਰਾਜਾ ਬਣ ਹੀ ਜਾਂਦਾ ਹੈ। ਜਿਸ ਨੇ ਜ਼ਿੰਦਗੀ ਦੀ ਕਿਤਾਬ ਪੜ੍ਹ ਲਈ ਹੈ ਉਹ ਚਾਰ ਅੱਖਰ ਅੰਗਰੇਜ਼ੀ ਦੇ ਘਟ ਵੀ ਪੜ੍ਹ ਲਏ ਤਾਂ ਉਹ ਸੂਝ ਸਿਆਣਪ ਵਿਚ ਫੇਰ ਵੀ ਕਿਤੇ ਅਗੇ ਹੁੰਦਾ ਹੈ।

ਅਸੀਂ ਗਿਆਨੀ ਜ਼ੈਲ ਸਿੰਘ ਜੀ ਦੇ ਨਵੇਂ ਰੋਲ ਵਿਚ ਕਾਮਯਾਬੀ ਦੀ ਦੁਆ ਕਰਦੇ ਹਾਂ ਅਤੇ ਆਪ ਦੀ ਚੋਣ ਵਾਸਤੇ ਸ੍ਰੀਮਤੀ ਗਾਂਧੀ ਦਾ ਧੰਨਵਾਦ ਕਰਦੇ ਹੋਏ ਗਿਆਨੀ ਜੀ ਨੂੰ ਇਸ ਅਵਸਰ ਤੇ ਵਧਾਈਆਂ ਅਰਪਣ ਕਰਦੇ ਹਾਂ।★




ਸਾਥੀ ਸੋਹਣ ਸਿੰਘ ਜੋਸ਼

ਸਾਥੀ ਸੋਹਣ ਸਿੰਘ ਜੋਸ਼

—ਜਗਦੀਸ਼ ਸਿੰਘ

ਮੈਂ ਦਿਲੀ ਵਿਚ ਸਾਂ ਜਦੋਂ ਆਜ਼ਾਦੀ ਸੰਗਰਾਮ ਅਤੇ ਸਾਹਿਤਕ ਘੋਲਾਂ ਦੇ ਪਿਤਾਮਾ ਕਾਮਰੇਡ ਸੋਹਣ ਸਿੰਘ ਜੋਸ਼ ਦੇ ਅਕਾਲ ਚਲਾਣੇ ਦੀ ਖਬਰ ਪੜ੍ਹੀ। ਭਾਵੇਂ ਮੈਂ ਉਹਨਾਂ ਨੂੰ ਅੰਮ੍ਰਿਤਸਰ ਹਸਪਤਾਲ ਵਿਚ ਬਿਸਤਰੇ ਤੇ ਪਏ ਹੋਇਆਂ ਨੂੰ ਕਈ ਵਾਰ ਮਿਲਿਆ ਸੀ। ਪਰ ਉਹਨਾਂ ਦੀ ਚੜ੍ਹਦੀ ਕਲਾ ਵੇਖ ਕੇ ਕਦੀ ਵੀ ਅਨੁਮਾਨ ਨਹੀਂ ਸੀ ਲਗਦਾ ਕਿ ਉਹ ਜਾਣ ਦੀਆਂ ਤਿਆਰੀਆਂ ਵਿਚ ਹਨ। ਮੇਰਾ ਉਹਨਾਂ ਦੀ ਸ਼ਖਸੀਅਤ ਨਾਲ ਮੇਲ ਕਰਨ ਦਾ ਤਿੰਨ ਤਰ੍ਹਾਂ ਨਾਲ ਸਬੰਧ ਬਣਦਾ ਸੀ। ਇਕ ਤਾਂ ਉਹ ਨਾਮਧਾਰੀ ਸਮਾਗਮਾਂ ਤੇ ਅਕਸਰ ਆਉਂਦੇ ਸਨ ਅਤੇ ਖਾਸ ਕਰਕੇ ਦਿੱਲੀ ਵਿਚਲੇ ਸੰਗੀਤ ਸੰਮੇਲਣਾਂ ਤੇ ਜ਼ਰੂਰ ਆਉਂਦੇ। ਦੂਸਰਾ ੧੯੭੫ ਵਿਚ ਵਰਿਆਮ ਜਾਰੀ ਕਰਨ ਕਰਕੇ। ਉਹ ਪਤ੍ਰਕਾਰੀ ਦੇ ਮਹਾਂਰਥੀ ਸਨ ਅਤੇ "ਲੋਕ ਯੁਗ" 'ਜੰਗੇ ਆਜ਼ਾਦੀ' ਅਤੇ ਨਵਾਂ ਜ਼ਮਾਨਾਂ ਵਰਗੇ ਪਤਰਾਂ ਦੇ ਉਹ ਐਡੀਟਰ ਰਹਿ ਚੁਕੇ ਸਨ। ਅਤੇ ਤੀਸਰਾ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੰਚ ਤੇ। ਉਹਨਾਂ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬਹੁਤ ਸਤਿਕਾਰ ਅਤੇ ਨੇੜਤਾ ਵਾਲਾ ਸਬੰਧ ਸੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਉਹਨਾਂ ਨੂੰ ਬਜ਼ੁਰਗੀ ਵਾਲਾ ਪੂਰਾ ਸਤਿਕਾਰ ਮਿਲਦਾ ਸੀ। ਸਤਿਗੁਰੂ ਜੀ ਵਲੋਂ ਮੈਨੂੰ ਅਕਸਰ ਉਹਨਾਂ ਦਾ ਹਾਲ ਚਾਲ ਪੁਛਣ ਜਾਂ ਉਹਨਾਂ ਦੇ ਕਿਸੇ ਸੱਦੇ ਤੇ ਭੇਜਿਆ ਜਾਂਦਾ ਸੀ। ਇਸੇ ਕਾਰਨ ਉਹਨਾਂ ਦੇ ਜੱਦੀ ਪਿੰਡ ਚੇਤਨਪੁਰਾ ਵਿਖੇ ਪਿਛਲੇ ਸਾਲ ਹੋਲੇ ਮਹੱਲੇ ਦੇ ਦਿਨਾਂ ਵਿਚ ਹੀ ਸਤਿਗੁਰੂ ਜੀ ਨੇ ਮੈਨੂੰ ਭੇਜਿਆ ਸੀ ਕਿਉਂਕਿ ਮੇਲੇ ਕਾਰਨ ਉਹ ਆਪ ਨਹੀਂ ਗਏ ਸਨ।

ਸਾਥੀ ਜੋਸ਼ ਜਿਨ੍ਹਾਂ ਨੂੰ ਬਾਪੂ ਜੋਸ਼ ਵੀ ਕਿਹਾ ਜਾਂਦਾ ਸੀ ਨੇ ਸੱਠ ਬਾਹਠ ਸਾਲ ਸਰਗਰਮ ਸਿਆਸੀ ਜ਼ਿੰਦਗੀ ਵਿਚ ਗੁਜ਼ਾਰੇ। ਉਹ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਮੋਢੀ ਸਕਤਰਾਂ ਚੋਂ ਸਨ। ਉਹ ਅਕਾਲੀ ਦਲ ਦੇ ਵੀ ਇਕ ਸਮੇਂ ਜ: ਸਕੱਤਰ ਰਹੇ। ਕਾਂਗਰਸ ਦੇ ਵੀ ਕਿਸੇ ਸਮੇਂ ਜ: ਸਕੱਤਰ ਰਹੇ। ਦੇਸ਼ ਵੰਡ ਤੋਂ ਪਹਿਲਾਂ ਐਮ. ਐਲ. ਏ ਤੇ ਬਾਅਦ ਵਿਚ ਐਮ. ਐਲ. ਸੀ ਰਹੇ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਬਾਨੀਆਂ ਵਿਚੋਂ ਸਨ ਅਤੇ ਇਸ ਪਾਰਟੀ ਦੀ ਸਭ ਤੋਂ ਉਚੀ ਅਦਾਲਤ ਸੈਂਟਰਲ ਕੰਟਰੋਲ ਕਮਿਸ਼ਨ ਦੇ ਪ੍ਰਧਾਨ ਵੀ ਰਹੇ। ਉਹ ਸ਼ਹੀਦ ਭਗਤ ਸਿੰਘ ਦੇ ਸਾਥੀ ਸਨ ਅਤੇ ਜਦੋਂ ਰਾਜ ਗੁਰੂ ਸੁਖਦੇਵ ਨੇ ਸਾਂਡਰਸ ਨੂੰ ਕਤਲ ਕੀਤਾ ਤਾਂ ਉਹ ਕਾਮਰੇਡ ਜੋਸ਼ ਕੋਲ ਰਾਤ ਠਹਿਰੇ ਸਨ। ਭਗਤ ਸਿੰਘ ਤੇ ਸੋਹਣ ਸਿੰਘ ਜੋਸ਼ ਇਕੋ ਮੰਜੇ ਤੇ ਉਸ ਰਾਤ ਸੁੱਤੇ ਸਨ। ਗ਼ਦਰ ਪਾਰਟੀ ਨਾਲ ਉਹਨਾਂ ਦੀਆਂ ਗੂਹੜੇ ਰਿਸ਼ਤੇ ਦੀਆਂ ਤੰਦਾਂ ਸਨ। ਉਹਨਾਂ ਗ਼ਦਰ ਪਾਰਟੀ ਦਾ ਇਤਿਹਾਸ ਵੀ ਲਿਖਿਆ ਅਤੇ ਅੰਤ ਵੇਲੇ ਉਹ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਸਨ। ਇਹ ਕਮੇਟੀ ਹੀ ਅਜ ਕਲ ਗ਼ਦਰੀ ਬਾਬਿਆਂ ਦੀ ਵਾਰਸ ਹੈ ਅਤੇ ਉਹਨਾਂ ਦੀ ਯਾਦ ਵਿਚ ਜਲੰਧਰ ਵਿਖੇ ਇਕ ਵਿਸ਼ਾਲ ਦੇਸ਼ ਭਗਤ ਹਾਲ, ਲਾਇਬ੍ਰੇਰੀ ਅਤੇ ਚਿੱਤਰ ਪ੍ਰਦਰਸ਼ਨੀ ਕਾਇਮ ਹੈ। ਅਜਿਹੀ ਇਨਕਲਾਬੀ ਸ਼ਖਸੀਅਤ ਦਾ ਨਾਮਧਾਰੀ ਹੈੱਡ ਕੁਆਟਰ ਨਾਲ ਗੂੜ੍ਹਾ ਸਬੰਧ ਹੋਣਾ ਇਕ ਕੁਦਰਤੀ ਗੱਲ ਹੀ ਸੀ।



੩੩ ਮਾਰਚ ੧੯੮੧ ਨੂੰ ਜੋਸ਼ ਜੀ ਨੇ ਆਪਣੇ ਪਿੰਡ ਚੇਤੰਨਪੁਰਾ ਵਿਚ ਆਪਣੇ ਇਨਾਮਾਂ ਦੀ ਰਕਮ ਨਾਲ ਇਕ "ਪੁਸਤਕ ਦੁਆਰਾ" ਸਥਾਪਤ ਕੀਤਾ : ਇਸ ਮੌਕੇ ਦੀ ਤਸਵੀਰ (ਖਬਿਓ) ਸ੍ਰੀਮਤੀ ਵਿਮਲਾ ਡਾਂਗ' ਕਾਮਰੇਡ ਜੋਸ਼, ਕਾ: ਜਗਜੀਤ ਸਿੰਘ ਆਨੰਦ, ਸ: ਚੰਨਣ ਸਿੰਘ ਤੁਗਲਵਾਲਾ, ਜਗਦੀਸ਼ ਸਿੰਘ ਸੰ: ਵਰਿਆਮ, ਕਾਮਰੇਡ ਭਗਤ ਸਿੰਘ ਬਿਲਗਾ ਸਕਤਰ ਦੇਸ਼ ਭਗਤ ਕਮੇਟੀ ਅਤੇ ਕਾਮਰੇਡ ਸਤਿਪਾਲ ਡਾਂਗ ।

ਉਹ ਕਰਮ ਯੋਗੀ ਸਨ। ਉੱਚ ਪਾਏ ਦੇ ਲੇਖਕ ਕਵੀ ਇਤਿਹਾਸਕਰ ਅਤੇ ਬੁਲਾਰੇ ਸਨ ਅਤੇ ਕਥੀਨ ਤੇ ਕਰੀਨ ਦੇ ਪੂਰੇ ਸਨ। ਪਿਛਲੇ ਸਾਲ ਬ੍ਰਤਾਨੀਆ ਵਿਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਗਏ ਤਾਂ ਉਥੇ ਜਾ ਕੇ ਵੀ ਉਹਨਾਂ ਸ਼ਰਾਬ ਨਹੀਂ ਪੀਤੀ। ਅੱਜ ਕਲ ਇਹ ਗੱਲ ਅਕਸਰ ਪ੍ਰਚਾਰੀ ਜਾਂਦੀ ਹੈ ਕਿ ਲੇਖਕ ਦੀ ਕ੍ਰਿਤ ਅਥਵਾ ਲਿਖਤ ਦਾ ਉਸ ਦੀ ਨਿਜੀ ਜ਼ਿੰਦਗੀ ਦੇ ਅਨੁਸਾਰੀ ਹੋਣਾ ਜ਼ਰੂਰੀ ਨਹੀਂ ਹੈ। ਇਸ ਧਾਰਨਾ ਅਨੁਸਾਰ ਜੇ ਇਕ ਬੰਦਾ ਸ਼ਰਾਬ ਪੀ ਕੇ ਸ਼ਰਾਬ ਦੇ ਵਿਰੁਧ ਚੰਗਾ ਲੇਖ ਲਿਖਦਾ ਹੈ ਤਾਂ ਉਹ ਠੀਕ ਹੈ। ਪਰ ਜੋਸ਼ ਇਸ ਧਾਰਨਾ ਦੇ ਨਹੀਂ ਸਨ। ਉਹ ਆਪ ਤਨੋ ਮਨੋ ਇਨਕਲਾਬੀ ਸਨ ਅਤੇ ਇਨਕਲਾਬ ਬਾਰੇ ਲਿਖਦੇ ਸਨ। ਉਹਨਾਂ ਜੇਲਾਂ ਕੱਟੀਆਂ, ਅੰਡਰ-ਗਰਾਂਊਡ ਰਹੇ ਆਪ ਇਨਕਲਾਬੀ ਜ਼ਿੰਦਗੀ ਜੀਵੀ ਅਤੇ ਗਦਰੀ ਇਤਿਹਾਸ, ਕਾਮਾ ਗਾਟਾਮਾਰੂ ਅਤੇ ਅਕਾਲੀ ਮੋਰਚਿਆਂ ਬਾਰੇ ਮਾਅਰਕੇ ਦੀਆਂ ਪੁਸਤਕਾਂ ਲਿਖੀਆਂ। ਦਰ ਅਸਲ ਉਹ ਚਲਦਾ ਫਿਰਦਾ ਇਤਿਹਾਸਕ ਖਜ਼ਾਨਾ ਸਨ। ਉਹਨਾਂ ਨਾਲ ਗੱਲ ਕਰਨ ਦਾ ਜੇ ਅਵਸਰ ਮਿਲਦਾ ਤਾਂ ਉਹ ਮੂੰਹ ਜ਼ਬਾਨੀ ਹੀ ਇਤਹਾਸ ਦੇ ਕਈ ਅਣ-ਲਿਖੇ ਪਤਰੇ ਫੋਲ ਦਿੰਦੇ। ਅੱਸੀਆਂ ਤੋਂ ਉਪਰ ਉਮਰ ਵਿਚ ਅਨੇਕਾਂ ਘਟਨਾਵਾਂ ਅਨੇਕਾਂ ਵਿਅਕਤੀਆਂ ਦੇ ਨਾ ਥਾਂ ਉਹਨਾਂ ਨੂੰ ਕਲ ਦੀ ਗੱਲ ਵਾਂਗ ਯਾਦ ਸਨ। ਕਹਾਣੀਆਂ ਕਵਿਤਾਵਾਂ ਲੇਖਾਂ ਹਰ ਸਿਨਫ਼ ਉਤੇ ਉਹਨਾਂ ਦਾ ਅਧਿਕਾਰ ਸੀ।

੧੯੫੯ ਵਿਚ ਨਾਮਧਾਰੀ ਪੰਥ ਦੇ ਲਾਸਾਨੀ ਰਾਹਨੁਮਾ ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਇਸ ਸੰਸਾਰ ਤੋਂ ਦੇਹ ਦਾ

ਉਹਲਾ ਕਰ ਗਏ ਤਾਂ ਜੋਸ਼ ਜੀ ਨੇ ਇਕ ਲਹੂ ਭਿੱਜੀ ਸ਼ਰਧਾਂਜਲੀ "ਆਹ ਮਹਾਰਾਜ ਪ੍ਰਤਾਪ ਸਿੰਘ ਜੀ ਨਹੀਂ ਰਹੇ" ਨਵਾਂ ਜ਼ਮਾਨਾ ਦੇ ਮੁਖ ਪੰਨੇ ਤੇ ਲਿਖੀ ਸੀ। ਨਾਮਧਾਰੀ ਲਹਿਰ ਬਾਰੇ ਉਹਨਾਂ ਦਾ ਸ਼ਤਾਬਦੀ ਨਿਊਜ਼ ਵਿਚ ਛਪਿਆ ਲੇਖ ਇਕ ਯਾਦਗਾਰੀ ਕ੍ਰਿਤ ਹੈ। ਇਹ ਲੇਖ ਬਾਅਦ ਵਿਚ ਨਵਾਂ ਜ਼ਮਾਨਾ ਅਤੇ ਮਾਸਕ ਪਤ੍ਰ ਦ੍ਰਿਸ਼ਟੀ ਵਿਚ ਵੀ ਪ੍ਰਕਾਸ਼ਤ ਹੋਇਆ। ਅੱਜ ਸਾਨੂੰ ਲਿਖਣਾ ਪੈ ਰਿਹਾ ਹੈ ਕਿ ਸੋਹਣ ਸਿੰਘ ਜੋਸ਼ ਨਹੀਂ ਰਹੇ।

ਮੈਂ ਆਪਣੇ ਮਿਤਰਾਂ ਸ੍ਰੀ ਪ੍ਰੀਤਮ ਸਿੰਘ ਕਵੀ ਅਤੇ ਪ੍ਰੀਤਮ ਸਿੰਘ ਪੰਛੀ ਨਾਲ ਜੋਸ਼ ਜੀ ਨੂੰ ਕਮਿਊਨਿਸਟ ਹੈੱਡ ਕੁਆਰਟਰ ਅਜੈ ਭਵਨ ਦਿੱਲੀ ਵਿਚ ਵੀ ਮਿਲਿਆ। ਉਹ ਪੁਰ ਖਲੂਸ ਸ਼ਖਸੀਅਤ ਆਪਣੇ ਡੂੰਘੇ ਅਧਿਅਨ ਵਿਚ ਵਿਅਸਥ ਸੀ। ਉਹਨਾਂ ਕਿਹਾ ਕਿ ਹੁਣ ਮੈਂ ਨਾਮਧਾਰੀ ਇਤਿਹਾਸ ਤੇ ਇਕ ਪੁਸਤਕ ਲਿਖਣੀ ਹੈ। ਇਹੀ ਗੱਲ ਉਹਨਾਂ ਅੰਮ੍ਰਿਤਸਰ ਗੁਰੂ ਤੇਗ ਬਹਾਦਰ ਹਸਪਤਾਲ ਦੇ ਮੰਜੇ ਤੇ ਪਏ ਆਖੀ। ਇਸ ਤੋਂ ਉਹਨਾਂ ਦੇ ਸਿਰੜ ਦਾ ਅੰਦਾਜ਼ਾ ਲਗਦਾ ਹੈ। ਉਹਨਾਂ ਦੀ ਜੁਆਨ ਹਿੰਮਤ ਦਾ ਪਤਾ ਲਗਦਾ ਹੈ। ਸਾਹਿਤਕ ਸਮਾਗਮਾਂ ਵਿਚ ਉਹ ਘੰਟਿਆਂ ਬੱਧੀ ਬੈਠ ਕੇ ਨੌਜੁਆਨ ਲੇਖਕਾਂ ਦੀਆਂ ਕਹਾਣੀਆਂ ਕਵਿਤਾਵਾਂ ਸੁਣਦੇ ਅਤੇ ਸੁਝਾਓ ਦਿੰਦੇ।

ਜਦੋਂ ਬਸ ਤੋਂ ਫਿਸਲ ਕੇ ਉਹਨਾਂ ਦੀ ਲੱਤ ਨੂੰ ਸੱਟ ਲਗੀ ਤਾਂ ਅੰਮ੍ਰਿਤਸਰ ਵਿਚ ਇਕ ਸਾਹਿਤਕ ਸਮਾਗਮ ਤੋਂ ਹੀ ਆਏ ਸਨ। ਅਤੇ ਪਿਛਲੇ ਦਿਨੀਂ ਜਦੋਂ ਅੰਮ੍ਰਿਤਸਰ ਵਿਚ ਪ੍ਰਿੰ: ਸੁਜਾਨ ਸਿੰਘ ਦਾ ਸਨਮਾਨ ਸਮਾਰੋਹ ਹੋਇਆ ਤਾਂ ਉਹ ਹਸਪਤਾਲੋਂ ਬੀਮਾਰੀ ਦੀ ਹਾਲਤ ਵਿਚ ਹੀ ਉਥੇ ਗਏ ਸਨ। ਲੱਤ ਦੀ ਤਕਲੀਫ ਤੋਂ ਠੀਕ ਹੋ ਗਏ ਪਰ ਵਾਪਸੀ ਦਾ ਸਦਾ ਆ ਚੁਕਾ ਸੀ। ਉਹ ਅੰਤਮ ਸਮੇਂ ਤਕ ਸਰਗਰਮ ਜ਼ਿੰਦਗੀ ਜੀਉਂਦੇ ਰਹੇ।

ਉਹ ਵਰਿਆਮ ਦੇ ਪਿਆਰੇ ਸਹਿਯੋਗੀਆਂ ਵਿਚੋਂ ਸਨ। ਉਹਨਾਂ ਦੇ ਜਾਣ ਨਾਲ ਇਕ ਜੁਗ ਸਮਾਪਤ ਹੋ ਗਿਆ ਹੈ। ਪੰਜਾਬੀ ਸਾਹਿਤ ਅਤੇ ਦੇਸ਼ ਦੀ ਸਮਾਜੀ ਜ਼ਿੰਦਗੀ ਵਿਚ ਇਕ ਭਾਰੀ ਖੱਪਾ ਪਿਆ ਹੈ। ਅਸੀਂ ਇਸ ਅਸਹਿ ਵਿਛੋੜ ਤੇ ਜੋਸ਼ ਜੀ ਦੇ ਪਰਿਵਾਰ, ਕਮਿਊਨਿਸਟ ਪਾਰਟੀ, ਉਨ੍ਹਾਂ ਦੇ ਅਣ-ਗਿਣਤ ਪਿਆਰਿਆਂ ਦੇ ਗਮ ਵਿਚ ਸ਼ਰੀਕ ਹੋ ਕੇ ਸ਼ਰਧਾਮਈ ਅਕੀਦਤ ਪੇਸ਼ ਕਰਦੇ ਹਾਂ।

ਜੋ ਕਲ ਥੇ ਅਪਣੇ ਘਰ ਮੇਂ
ਮਹਿਮਾਨ ਵੁਹ ਕਹਾਂ ਹੈਂ
ਜੋ ਖੋ ਗਏ ਹੈਂ ਯਾ ਰੱਬ
ਔਸਾਨ ਵਹੁ ਕਹਾਂ ਹੈਂ
ਆਖੋਂ ਮੇਂ ਰੋਤੇ ਰੋਤੇ
ਨਮ ਭੀ ਨਹੀਂ ਹੈ ਅਬ ਤੋ
ਥੇ ਮੌਜਜ਼ਨ ਜੋ ਪਹਿਲੇ
ਤੂਫਾਨ ਵਹੁ ਕਹਾਂ ਹੈ।
ਕੁਝ ਔਰ ਢਬ ਕੇ ਅਬ ਤੋ
ਹਮ ਲੋਗ ਦੇਖਤੇ ਹੈਂ
ਪਹਿਲੇ ਜੋ ਐਹ 'ਜ਼ਫਰ' ਥੇ
ਇਨਸਾਨ ਵੋ ਕਹਾਂ ਹੈ।

ਕਾਬੁਲ ਦਰਿਆ



—ਜਸਵੰਤ ਸਿੰਘ ਵਿਰਦੀ

'ਕਾਬੁਲ ਦਰਿਆ' ਦੀ ਵਾਦੀ ਅਫਗਾਨਿਸਤਾਨ ਦੀ ਜੇਕਰ ਸਭ ਤੋਂ ਵਧ ਉਪਜਾਊ ਨਹੀਂ ਤਾਂ ਅਤਿਅੰਤ ਸੁੰਦਰ ਅਤੇ ਰੁਮਾਂਟਿਕ ਵਾਦੀ ਕਹੀ ਜਾ ਸਕਦੀ ਹੈ।

"ਉਤਰ ਵਲੋਂ ਜਿਹੜੇ ਹਿੰਦੂਕਸ਼ ਦੇ ਜਲ ਸੋਮਿਆਂ ਵਿਚੋਂ ਵਡਿਤਣ ਭਰੇ ਝਰਨੇ ਫੁਟਦੇ ਨੇ, ਉਨ੍ਹਾਂ ਦੁਆਲੇ ਇਤਿਹਾਸ ਦੇ ਬਹੁਤ ਹੀ ਸਾਰੇ ਦਿਲਚਸਪ ਅਤੇ ਯਾਦਗਾਰੀ ਸਾਕੇ ਫੈਲੇ ਹੋਏ ਨੇ। ਜਿਸ ਤਰਾਂ ਪਰਬਤਾਂ ਵਿਚੋਂ ਸੋਮੇ ਵਹਾਂਦੇ ਨੇ, ਉਸੇ ਤਰਾਂ ਹੀ ਇਥੋਂ ਦੇ ਲੋਕ ਬੇ ਪ੍ਰਵਾਹ ਅਤੇ ਸੁਤੰਤਰ ਸੁਭਾ ਵਾਲੇ ਹਨ। ਉਨਾਂ ਨੂੰ ਗੁਲਾਮੀ ਵਿਚ ਨਹੀਂ ਰਖਿਆ ਜਾ ਸਕਦਾ।"

ਕਾਬੁਲ ਦੀ ਵਾਦੀ ਬਾਰੇ ਮੈਂ ਕਦੀ ਖਿਸਤਰਾਂ ਦਾ ਬਿਆਨ ਪੜਿਆ ਸੀ, ਅਤੇ ਉਦੋਂ ਤੋਂ ਹੀ ਮੇਰੇ ਮਨ ਵਿਚ ਇਹ ਤਮੰਨਾ ਰਚ ਗਈ ਸੀ ਕਿ ਮੈਂ ਕਾਬੁਲ ਦੇ ਬੇਪ੍ਰਵਾਹ ਲੋਕਾਂ ਤੇ ਦਰਿਆਵਾਂ ਦੇ ਦਰਸ਼ਨ ਜ਼ਰੂਰ ਕਰਾਂਗਾ।

ਰਿਗਵੇਦ ਦੇ ਰਚਨਹਾਰਿਆਂ ਦਾ ਸੁਭਾ, ਅਤੇ ਅਜ ਦੇ ਲੋਕਾਂ ਦੇ ਲਈ ਕਾਬੁਲ!

ਨਕਸ਼ੇ ਵਿਚ ਜਦੋਂ ਮੈਂ ਕਾਬੁਲ ਦਰਿਆ ਦੀ ਧਾਰ ਨੂੰ ਵੇਖਦਾ ਸਾਂ ਤਾਂ ਮੇਰੇ ਮਨ ਵਿਚ ਇਕ ਤਰਾਂ ਦਾ ਰੁਮਾਂਸ ਭਰ ਜਾਂਦਾ ਸੀ। ਮੇਰੇ ਪਿਤਾ ਜੀ ਲੰਡੀ ਕੋਤਲ ਅਤੇ ਅਟਕ ਦੇ ਸਥਾਨ ਤੇ ਕੁਝ ਚਿਰ ਪੁਲਾਂ ਦੀ ਉਸਾਰੀ ਅਤੇ ਮੁਰੰਮਤ ਕਰਨ ਸਮੇ, ਰਹੇ ਸਨ, ਤੇ ਉਨਾਂ ਨੇ ਸਿੰਧੂ, ਅਤੇ ਕਾਬੁਲ ਸੰਗਮ ਦਾ ਖੂਬਸੂਰਤ ਦ੍ਰਿਸ਼ ਵਿਖਾਇਆ ਸੀ। ਪਰ ਹੁਣ ਉਹ ਵੇਲਾ ਜਿਵੇਂ ਇਤਿਹਾਸ ਦਾ ਹੀ ਕੌੜੀ ਜੁਗ ਬਣ ਕੇ ਰ੍ਹਿ ਗਿਆ ਹੋਵੇ।



ਲੇਖਕ

ਘੋਰਬੰਦ ਅਤੇ ਪੰਜਸ਼ੀਰ ਹਿੰਦੂ ਕਸ਼ ਦੀਆਂ ਵਾਦੀਆਂ ਹਨ, ਅਤੇ ਸਮੁਚੇ ਦੇਸ਼ ਦੀ ਬਣਤਰ ਵਿਚ ਇਨਾਂ ਦੀ ਬੜੀ ਵਡੀ ਭੂਮਿਕਾ ਹੈ।

ਉਪਰ ਜੰਗੀ ਖੇਤਰ ਅਤੇ ਥੱਲੇ ਕੋਹਿਸਤਾਨੀ ਪਿੰਡ। ਵਿਚਕਾਰ ਖਾਈਆਂ ਅਤੇ ਖੱਡਾਂ। ਜਿਨਾਂ ਵਿਚਕਾਰ ਇਕ ਪੁਰਾਤਨ ਦਰਿਆ ਦੇ ਪਾੜ ਨੂੰ ਪਛਾਣਿਆ ਜਾ ਸਕਦਾ ਹੈ। ਲੋਕ ਹੁਣ ਉਸ ਵਿਚ ਖੇਤੀ ਕਰਦੇ ਨੇ! ਗਿਲਜ਼ਈ ਅਤੇ ਸ਼ਿਨਵਾਰੀ ਲੋਕ ਕਾਬੁਲਵਾਦੀ ਵਿਚ ਛਾਏ ਹੋਏ ਨੇ, ਤੇ ਸ਼ਾਇਦ ਅਫਗਾਨਿਸਤਾਨ ਵਿਚ ਵੀ ਇਨਾਂ ਦਾ ਹੀ ਸਭ ਤੋਂ ਵਧ ਪ੍ਰਭਾਵ ਹੈ।

ਕਾਬੁਲ ਦਰਿਆ ਦਾ ਜਨਮ ਕਾਬੁਲ ਸ਼ਹਿਰ ਤੋਂ ਤਕਰੀਬਨ ਚਾਲੀ ਮੀਲ ਦੂਰ ਪਛਮ ਵਲ ਜਾ ਕੇ ਉਨਾਈ

ਦਰੇ, ਕੋਲੋਂ ਹੁੰਦਾ ਹੈ, ਅਤੇ ਕਾਬੁਲ ਆਮ ਤੌਰ ਤੇ ਪੂਰਬ ਦਿਸ਼ਾ ਨੂੰ, ਢਾਕਾ ਵਲ ਵਧਦਾ ਹੈ। ਫੇਰ, ਢੱਕੇ ਕੋਲੋਂ ਇਹ ਉਤਰ ਵਲ ਨੂੰ ਮੁੜਕੇ ਮੋਹਰਮੰਦ ਖੇਤਰ ਦੇ ਦੁਆਲੇ ਇਕ ਛੱਲੇ ਵਾਂਗ ਫੈਲ ਜਾਂਦਾ ਹੈ :

ਹਿੰਦੂਕਸ਼ ਦਾ ਇਕ ਪਹਾੜੀ ਸਿਲਸਲਾ ਪਘਮਾਨ ਕਾਬੁਲ ਨੂੰ ਹੇਮਲੰਦ ਤੋਂ ਅਡਰਿਆਂ ਕਰਦਾ ਨਜ਼ਰ ਆਉਂਦਾ ਹੈ।

ਅਗੇ ਚਲ ਕੇ ਦਰਿਆ ਕਾਬੁਲ ਪੂਰਬ ਅਤੇ ਪਛਮ ਵਲ ਨੂੰ ਮੁੜ ਕੇ ਅੱਟਕ ਦੇ ਨੇੜੇ ਕਿਲੇ ਕੋਲ ਸਿੰਧ ਦਰਿਆ ਦੇ ਤੇਜ਼ ਪਾਣੀਆਂ ਨਾਲ ਰਲ ਜਾਂਦਾ ਹੈ। ਸਿੰਧ ਦਰਿਆ ਦੀ ਆਪਣੀ ਹੀ ਤੇਜ਼ੀ ਘਟ ਨਹੀਂ, ਪਰ ਜਦੋਂ ਕਾਬੁਲ ਦਰਿਆ ਦੀ ਧਾਰ ਉਸ ਵਿਚ ਡਿਗਦੀ ਹੈ ਤਾਂ ਇਸ ਤਰਾਂ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਕੋਈ ਤੂਫਾਨ ਝੁੱਲ ਪਿਆ ਹੋਵੇ।

ਮੁਹੱਬਤ ਕਰਨ ਵਾਲੇ ਲੋਕ ਜਦੋਂ ਗਲੇ ਮਿਲਦੇ ਨੇ, ਤਾਂ ਤੂਫਾਨ ਝੁੱਲ ਕੇ ਹੀ ਰਹਿੰਦੇ ਨੇ।

ਵਾਰਸਾਕ ਕੋਲ ਪੁਜ ਕੇ ਕਾਬੁਲ ਦਰਿਆ ਪਾਕਿਸਤਾਨ ਵਿਚ ਪ੍ਰਵੇਸ਼ ਕਰਦਾ ਤੇ ਪਿਸ਼ਾਵਰ ਦੀ ਵਾਦੀ ਨੂੰ ਵੀ ਸਰਸਬਜ਼ ਬਣਾਨ ਦੀ ਭੂਮਿਕਾ ਅਦਾ ਕਰਦਾ ਹੈ।

ਕਾਬੁਲ ਅਤੇ ਸਿੰਧ ਦੇ ਸੰਗਮ ਕੋਲ ਅੱਟਕ ਦੇ ਨੇੜੇ ਮੈਂ ਉਸ ਸਥਾਨ ਨੂੰ ਲਭਣ ਦਾ ਜਤਨ ਕਰ ਰਿਹਾ ਸਾਂ, ਜਿਥੋਂ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਪੰਜਾਬੀ ਫੌਜਾਂ ਪਾਣੀਆਂ ਦੇ ਵੇਗ ਨੂੰ ਪਛਾੜ ਕੇ ਅਫਗਾਨਿਸਤਾਨ ਵਲ ਵਧੀਆਂ ਸਨ।

ਰਣਜੀਤ ਸਿੰਘ ਦੇ ਮਨ ਵਿਚ ਕਿੱਡੀ ਵਡੀ ਲਾਲਸਾ ਸੀ ਕਿ ਅਫਗਾਨਾਂ ਦੇ ਦੇਸ਼ ਨੂੰ ਫਤਿਹ ਕਰੇਗਾ।

ਕਾਰਨ ?

ਅਫਗਾਨ ਸ਼ਾਹ ਕਿਉਂ ਸਦੀਆਂ ਤਕ ਭਾਰਤ ਦੇਸ਼ ਨੂੰ ਤਬਾਹ ਕਰਦੇ ਰਹੇ ਨੇ ?

ਕਾਬੁਲ ਅਤੇ ਸਿੰਧ ਤੋਂ ਉੱਤਰ ਵਲ ਨੂੰ ਜਿਹੜਾ ਹਿੰਦੂਕਸ਼ ਦਾ ਪਹਾੜੀ ਸਿਲਸਿਲਾ ਫੈਲਿਆ ਹੋਇਆ ਹੈ. ਉਸ ਵਿਚ ਹੀ ਉਹ ਖੈਬਰ ਪਹਾੜੀ (ਪਿਸ਼ਾਵਰ ਤੋਂ ੧੩ ਮੀਲ ਉਤਰ ਵਲ।) ਹੀ ਹੋਵੇਗੀ ਜਿਥੇ ਕਿ ਵੀਰ ਅਫਗਾਨ ਰਣਜੀਤ ਸਿੰਘ ਦੀਆਂ ਫੌਜਾਂ ਨੂੰ ਰੋਕੀ ਬੈਠੇ ਸਨ।

ਉਸ ਵੇਲੇ ਮੈਨੂੰ ਪ੍ਰੋ: ਮੋਹਣ ਸਿੰਘ ਦੀ ਕਵਿਤਾ 'ਦੇਸ਼ ਪਿਆਰ' ਦਾ ਚੇਤਾ ਆ ਰਿਹਾ ਸੀ। ਕਵਿਤਾ ਦੇ ਨਾਇਕ ਅਫਗਾਨ ਬੁੱਢੇ ਨੇ ਦੇਸ਼ ਦੀ ਸੁਤੰਤਰਤਾ ਖਾਤਿਰ ਆਪਣਾ ਮੁੰਡਾ ਵੀ ਖੱਡ ਵਿਚ ਸੁਟਵਾ ਲਿਆ, ਪਰ ਫੌਜਾਂ ਨੂੰ ਅਗੇ ਵਧਣ ਦਾ ਰਾਹ ਨਹੀਂ ਦਸਿਆ।

ਸਾਡੇ ਬਹੁਤ ਸਾਰੇ ਲੋਕ ਤਾਂ ਦੁਸ਼ਮਣਾਂ ਨੂੰ ਆਵਾਜ਼ ਦਿੰਦੇ ਨੇ : "ਆਉ ! ਮੇਰੇ ਦੇਸ਼ ਤੇ ਕਬਜ਼ਾ ਕਰੋ ਲੋਕਾਂ ਨੂੰ ਲੁਟੋ ਤੇ ਧੀਆਂ ਭੈਣਾਂ ਦਾ ਸੱਤ ਭੰਗ ਕਰੋ !"

ਧੀਆਂ ਭੈਣਾਂ ਦਾ ਸੱਤ ਭੰਗ ਕਰਵਾ ਕੇ ਸਾਡੇ ਲੋਕ ਕਿੰਨੇ ਖੁਸ਼ ਹੁੰਦੇ ਹੋਣਗੇ। ਦੁਖੀ ਹੁੰਦੇ, ਤਾਂ ਤਲਵਾਰ ਨਾ ਚੁਕਦੇ।

ਪਰ ਅਫਗਾਨ ਬੁਢਾ ਕੀ ਕਹਿ ਰਿਹਾ ਸੀ :

"ਨਹੀਂ ਸੀ ਤੈਨੂੰ ਦਸਿਆ ਪਹਿਲਾਂ ਸਰਦਾਰਾ। ਆਪਣੇ ਨਿੱਕੇ ਪੁੱਤ ਦਾ ਡਰ ਮੈਨੂੰ ਖਾਵੇ। ਮਤਾਂ ਅਲ੍ਹੜ ਛੋਕਰਾ ਤਕ ਲਸ਼ਕਰ ਭਾਰਾ। ਆਪਣੀ ਅਣਖੀ ਕੌਮ ਨੂੰ ਨਾ ਵੱਟਾ ਲਾਵੇ।

"ਨਾ ਹੁਣ ਖੱਡਾਂ ਪੌਹੰਦੀਆ ਨਾ ਧਮਕੀ ਕਾਹੀ।
ਨਾ ਤਲਵਾਰਾਂ ਨੰਗੀਆਂ, ਨਾ ਚੇਹਰਾ ਸੂਹਾ।
ਹਿੱਕ ਬੁੱਢੇ ਦੀ ਚੀਰ ਕੇ ਤੇਰੀ ਸਰਵਾਹੀ।
ਲਭੇਗੀ ਹੁਣ ਸੋਹਣਿਆਂ ਕਿੱਲੀ ਦਾ ਬੂਹਾ।

ਅਫ਼ਗਾਨ ਬਹਾਦਰ ਲੋਕ ਨੇ, ਪਰ ਸਦੀਆਂ ਤਕ 'ਅਮੀਰ' ਲੋਕਾਂ ਨੇ ਉਨ੍ਹਾਂ ਨੂੰ ਦਬਾ ਕੇ ਰਖਿਆ ਅਤੇ ਉਨ੍ਹਾਂ ਦੇ ਜੀਵਨ ਵਿਚ ਖੁਸ਼ਹਾਲੀ ਨਾਂ ਦੀ ਨਿਆਮਤ ਦਾ ਪ੍ਰਵੇਸ਼ ਨਹੀਂ ਹੋਣ ਦਿਤਾ। ਇਹੋ ਹੀ ਕਾਰਣ ਹੈ ਕਿ ਅਫਗਾਨ ਲੋਕ ਹੁਣ ਤਕ ਕਬੀਲਿਆ ਵਾਲਾ ਜੀਵਨ ਹੀ ਜੀਉਂਦੇ ਰਹੇ ਨੇ।

ਮੇਰੇ ਬਹੁਤ ਸਾਰੇ ਅਫ਼ਗਾਨ ਦੋਸਤਾਂ ਨੇ ਮੈਨੂੰ ਦਸਿਆ ਕਿ ਲੋਕ ਅਕਸਰ ਆਪਣੀਆਂ ਬੀਵੀਆ ਮੁਲ ਖਰੀਦਦੇ ਨੇ। ਬੀਵੀ ਦੀ ਕੀਮਤ ਸਮੇਂ ਅਤੇ ਸਥਾਨ ਮੁਤਾਬਕ ਨਿਸ਼ਚਿਤ ਹੁੰਦੀ ਹੈ। ਔਰਤ ਦੀ ਸ਼ਕਲ-ਅਕਲ ਵੀ ਕਾਫੀ ਭੂਮਿਕਾ ਅਦਾ ਕਰਦੀ ਹੈ।

ਉਸ ਵੇਲੇ ਮੈਨੂੰ ਅਜੀਤ ਕੌਰ ਦੀ 'ਗੁਲਬਾਨੋ' ਦਾ ਚੇਤਾ ਆ ਰਿਹਾ ਸੀ। ਕਾਬੁਲ ਦੀ ਧਾਰ ਦੇ ਨਾਲ-ਨਾਲ ਵਸੇ ਹੋਏ ਸਭੋ ਲੋਕ ਇਕੋ ਜਿਹੇ ਹੀ ਨੇ।

ਖੁਸ਼ ਦਿਲ ਖਾਨ ਦੀ ਖੂਬਸੂਰਤ ਬੀਵੀ ਗੁਲਬਾਨੋ ਪਿਸ਼ਾਵਰ ਤੇ ਕਾਬੁਲ ਦੁਆਲੇ ਵਸੇ ਹੋਏ ਪਿੰਡਾਂ ਵਿਚੋਂ ਹੀ ਕਿਸੇ ਇਕ ਦੀ ਧੀ ਸੀ, ਜਿਸ ਨੂੰ ਖੁਸ਼ਦਿਲ ਖਾਨ ਨੇ ਘਰ ਦੀ ਚਾਰ ਦੀਵਾਰੀ ਵਿਚ ਅਪਰਾਧੀਆਂ ਵਾਂਗ ਕੈਦ ਕੀਤਾ

ਹੋਇਆਂ ਸੀ ।

ਉਸ ਦਾ ਕਸੂਰ ?

ਉਸ ਨੇ ਚੰਨਣ ਦੇ ਚਮਕਦੇ ਚਿਹਰੇ ਨੂੰ ਕਿਉਂ ਵੇਖਿਆ ?

ਉਸ ਦੀ ਸਜ਼ਾ ?

ਮੌਤ ।

ਖੁਸ਼ਦਿਲ ਖਾਨ ਬੀਵੀ ਨੂੰ ਕੋਠੇ ਤੋਂ ਧੱਕਾ ਦੇ ਕੇ ਲੋਕਾਂ ਤੋਂ ਉਹਦਾ ਨੰਗਾ ਮੂੰਹ ਲੁਕਾ ਰਿਹਾ ਸੀ !

"ਕਿਉਂ ਕੋਈ ਮੇਰੀ ਬੀਵੀ ਦਾ ਮੂੰਹ ਵੇਖੇ ?"

ਖਾਵੰਦ ਕਿਸੇ ਵੇਲੇ ਵੀ, ਬਿਨਾਂ ਕਿਸੇ ਕਾਰਣ ਦੇ ਆਪਣੀ ਬੀਵੀ ਨੂੰ ਤਲਾਕ ਦੇ ਸਕਦਾ ਹੈ, ਬੀਵੀ ਵੀ ਕਾਜ਼ੀ ਸਾਹਮਣੇ ਤਲਾਕ ਲਈ ਪੇਸ਼ ਹੋ ਸਕਦੀ ਹੈ, ਪਰ ਬੀਵੀ ਲਈ ਤਲਾਕ ਲੈਣਾ ਬੜਾ ਔਖਾ ਹੈ ।

ਕਾਬੁਲ ਵਾਦੀ ਦੀਆਂ ਕੁੜੀਆਂ ਪੰਦਰਾਂ ਵਰਿਆਂ ਦੀਆਂ ਹੋਕੇ ਅਤੇ ਮੁੰਡੇ ਵੀਹ ਵਰਿਆ ਤਕ ਪੁਜ ਕੇ ਸ਼ਾਦੀ ਕਰਵਾ ਸਕਦੇ ਨੇ ।

"ਪਰ ਆਦਮੀ ਉਦੋਂ ਹੀ ਸ਼ਾਦੀ ਕਰਵਾ ਸਕਦਾ ਹੈ. ਜਦੋਂ ਕਿ ਉਹਦੀ ਜੇਬ ਵਿਚ ਬੀਵੀ ਖਰੀਦਣ ਜੋਗੇ ਪੈਸੇ ਹੋਣ ।"

ਮੈਨੂੰ ਬੜਾ ਹਾਸਾ ਆਇਆ ਜਦੋਂ ਮੈਨੂੰ ਪਤਾ ਲਗਾ ਕਿ ਅਫਗਾਨ ਲੋਕ ਵਰ੍ਹੇ ਵਿਚੋਂ ਛੇ ਮਹੀਨਿਆਂ ਤਕ ਫਲ ਤੇ ਮੇਵੇ ਖਾ ਗੁਜ਼ਾਰਾ ਕਰਦੇ ਨੇ ।

"ਸਾਡੇ ਇਥੇ ਤਾਂ ਫਲ ਅਤੇ ਮੇਵੇ ਕੇਵਲ ਬੀਮਾਰੀ ਵੇਲੇ ਹੀ ਨਸੀਬ ਹੁੰਦੇ ਨੇ ।"

"ਤੁਸੀਂ ਸਾਡੇ ਨਾਲ ਬਦਲ ਲਵੋ । ਅਨਾਜ ਦੇ ਬਦਲੇ ਵਿਚ ।"

ਮੇਰੇ ਅਫ਼ਗਾਨ ਦੋਸਤਾਂ ਦੀ ਗਲ ਵਧੀਆ ਹੈ, ਪਰ ਜੇਕਰ ਪ੍ਰਬੰਧਕਾਂ ਦੇ ਪੱਲੇ ਜਾਵੇ ।

"ਪੰਜਾਬਣਾਂ ਬੜੀਆਂ ਆਜ਼ਾਦ ਨੇ ?" ਮੈਨੂੰ ਅਫਗਾਨ ਕੁੜੀਆਂ ਨੇ ਪੁਛਿਆ । ਮੈਂ ਮਾਣ ਨਾਲ ਕਿਹਾ : ਹਾਂ ਹੁੰਦੀਆਂ ਨੇ । ਤੁਹਾਡੇ ਵਾਂਗ ਦਲੇਰ ਵੀ ।

ਕਾਬੁਲ ਦਰਿਆਂ ਦੀਆਂ ਮੁਖ ਸਹਾਇਕ ਨਦੀਆਂ ਵਿਚੋਂ ਪੰਜਸੀਰ, ਤਗਾਊ, ਅਲੀਮੰਗ, ਅਲਿੰਹਾਰ ਅਤੇ ਕੁਨਾਰ ਉਤਰੀ ਪਾਸੇ ਵਲੋਂ ਉਹਦੇ ਵਿਚ ਸ਼ਾਮਲ ਹੁੰਦੀਆਂ ਨੇ । ਇਹ ਸਾਰੀਆਂ ਹੀ ਨਦੀਆਂ ਕਾਬੁਲ ਤੋਂ ਉਤਰੀ ਅਤੇ ਉਤਰ ਪੂਰਬ ਵੱਲ ਦੇ ਪਹਾੜੀ ਸਿਲਸਿਲੇ ਵਿਚੋਂ ਫੁਟਦੀਆਂ ਨੇ । ਇਨ੍ਹਾਂ ਨਦੀਆਂ ਦੇ ਵਹਿਣ ਨਾਲ ਜਿਹੜੀਆਂ ਵਾਦੀਆਂ ਦਾ ਜਨਮ ਹੁੰਦਾ ਹੈ, ਉਹ ਸਾਨੂੰ ਬਦਾਖਸ਼ਾਨ, ਕਾਫਿਰਿਸਤਾਨ, ਚਿਤਰਾਲ ਅਤੇ ਪਾਮੀਰ ਪਰਬਤ ਮਾਲਾ ਵਲ ਲੈ ਜਾਂਦੀਆਂ ਨੇ ।

ਕਹਿੰਦੇ ਨੇ ਕਿ ਪਾਮੀਰ ਪਰਬਤ ਮਾਲਾ ਦੇ ਆਂਚਲ ਵਿਚੋਂ ਉਠ ਕੇ ਆਰੀਆਂ ਲੋਕ ਵਿਸ਼ਵ ਵਿਚ ਫੈਲ ਗਏ । ਜਰਮਨ ਲੋਕ; ਇਰਾਨੀ ਅਤੇ ਭਾਰਤੀ ਲੋਕ ਪਾਮੀਰ ਆਂਚਲ ਦ ਹੀ ਜਾਏ ਨੇ ।

ਹਿੰਦੂ ਕੁਸ਼ ਵਲ ਦੀ ਭਾਰਤ ਭੋਇੰ ਵਿਚ ਪ੍ਰਵੇਸ਼ ਕਰਕੇ ਰਿਗਵੇਦ ਦੀ ਰਚਨਾ ਵੇਲੇ ਆਰੀਆਂ ਲੋਕਾਂ ਨੇ ਪੰਜਾਬ ਦੇ ਪਰਬਤਾਂ ਅਤੇ ਇਸ ਦੀਆਂ ਸਦਾਨੀਰਾ ਨਦੀਆਂ ਦੀ ਜਿਸ ਤਰ੍ਹਾਂ ਸਿਫਤ ਸਲਾਹ ਕੀਤੀ ਹੈ, ਉਸ ਦਾ ਅਜ ਵੀ ਕਿਤੇ ਮੁਕਾਬਲਾ ਨਹੀਂ ।

ਕਾਬੁਲ ਦਰਿਆ ਵਿਚ ਦਖਣ ਵਲੋਂ ਸ਼ਾਮਿਲ ਹੋਣ ਵਾਲੀਆਂ ਨਦੀਆਂ ਵਿਚੋਂ ਲੋਗਰ ਅਤੇ ਸੁਰਖਾਬ ਬੜੀਆਂ ਦਿਲਕਸ਼ ਨੇ, ਅਤੇ ਉਨ੍ਹਾਂ ਦੀਆਂ ਵਾਦੀਆਂ ਲੋਕਾਂ ਲਈ ਆਵਾਜਾਈ ਦੇ ਕੁਦਰਤੀ ਰਾਂਹਵਾਂ ਦੀ ਸਿਰਜਣਾ ਕਰਦੀਆਂ ਨੇ ।

ਜਦੋਂ ਮੈਂ ਪਠਾਣੀਆਂ ਦੇ ਲੂਗ ਲੂਗ ਕਰਦੇ ਲਾਲ ਸੂਹੇ ਰੰਗ ਵੇਖਦਾ ਹਾਂ ਤਾਂ ਮੈਨੂੰ ਪ੍ਰਤੀਤ ਹੁੰਦਾ ਹੈ ਕਿ ਕਾਬੁਲ ਦਰਿਆਂ ਦੀਆਂ ਇਨ੍ਹਾਂ ਧੀਆਂ ਨੇ ਕਾਬੁਲ, ਪੰਜਸ਼ੀਰ ਅਤੇ ਸ਼ੁਰਖਾਬ ਦੇ ਪਾਣੀਆਂ ਨਾਲ ਹੀ ਸੁੰਦਰ ਦੇਹੀਆਂ ਦੀ ਰਚਨਾ ਕੀਤੀ ਹੈ ।

ਕਾਬੁਲ, ਹੇਲਮੰਦ ਅਤੇ ਉਕਸਸ ! ਅਫਗਾਨਿਸਤਾਨ ਦੇ ਇਹ ਤਿੰਨ ਵੱਡੇ ਦਰਿਆ ਨੇ ਅਤੇ ਇਨ੍ਹਾਂ ਦੀਆਂ ਮਹੱਤਵ-ਪੂਰਣ ਵਾਦੀਆ ਵਿਚ ਹੀ ਲੋਕ ਵਸੇ ਹੋਏ ਨੇ । ਪਰ ਕਾਬੁਲ ਦਾ ਕੁਦਰਤ ਨੇ ਜਿਸ ਤਰ੍ਹਾਂ ਦਾ ਜਲਵਾ ਬਣਾਇਆ ਹੈ, ਉਸਦੇ ਰਪਤੇਜ ਕਰਕੇ ਹੀ ਸਦੀਆ ਤੋਂ ਇਹ ਧਾਰਨਾ ਬਣ ਰਹੀ ਹੈ ਕਿ ਜਿਸਦਾ ਕਬਜਾ ਕਾਬੁਲ ਦੀ ਵਾਦੀ ਤੇ ਹੋਵੇਗਾ, ਉਹੋ ਹੀ ਅਫਗਾਨਿਸਤਾਨ ਤੇ ਰਾਜ ਕਰੇਗਾ । ਕਾਬੁਲ ਹੀ ਜਿਵੇਂ ਅਫਗਾਨਿਸਤਾਨ ਹੋਵੇ ।

ਕਾਬੁਲ ਦਰਿਆ ਸ਼ਹਿਰ ਦੇ ਵਿਚਾਲਿਉਂ ਦੀ ਵਗਦਾ ਹੈ । ਪਰ ਪਾਣੀ ਬਹੁਤ ਘਟ ਨਜ਼ਰ ਆਉਂਦਾ ਹੈ । ਕਾਫੀ

ਸੇਰਾ ਪਾਣੀ ਨਹਿਰ ਰਾਹੀ ਦੁਆਲੇ ਦੇ ਖੇਤਰ ਵਿਚ ਖਿੰਡ ਜਾਂਦਾ ਹੈ। ਬਾਬਰ ਬਾਦਸ਼ਾਹ ਦਾ ਮਕਬਰਾ ਦਰਿਆ ਦੇ ਕਿਨਾਰੇ ਤੇ ਹੀ ਹੈ। ਇਸ ਦੇ ਕੋਲ ਹੀ ਇਕ ਬਹੁਤ ਵੱਡਾ ਚਿਨਾਰ ਦਾ ਰੁਖ ਹੈ ਜੋ ਅੰਦਰੋਂ ਪੋਲਾ ਹੈ।

ਕਾਬੁਲ ਸ਼ਹਿਰ ਨੂੰ ਮੈਂ ਕਾਫੀ ਆਧੁਨਿਕ ਮਹਿਸੂਸ ਕੀਤਾ। ੧੩੦ ਕਿ. ਮੀ. ਲੰਮੇਰੀ ਤੇ ਵੀਹ-ਵੀਹ ਕਿ. ਮੀ. ਚੌੜੀ ਕਾਬੁਲ ਵਾਦੀ ਵਿਚ ਆਸਮਾਨ ਵਧੇਰੇ ਕਰਕੇ ਨੀਲਾਹਟ ਭਰਿਆ ਹੀ ਨਜ਼ਰ ਆਉਂਦਾ ਹੈ ਪਰ ਜਦੋਂ ਬਰਫ ਡਿਗਦੀ ਹੈ ਤਾਂ ਹਰ ਪਾਸੇ ਬਰਫੀਲੇ ਦਰਿਆਵਾਂ ਵਾਲੀ ਸਥਿਤੀ ਨਜ਼ਰ ਆਉਂਦੀ ਹੈ। ਬਰਫੀਲੇ ਤੋਦਿਆਂ ਨਾਲ ਕਾਬੁਲ ਦਰਿਆ 'ਚ ਹੜ ਤਾਂ ਆਉਂਦਾ ਨੇ, ਪਰ ਕੋਈ ਖਾਸ ਨੁਕਸਾਨ ਨਹੀਂ ਹੁੰਦਾ।

ਕਾਬੁਲ ਦੀ ਦਿਲਕਸ਼ੀ ਦਾ ਸਭ ਤੋ ਵਡਾ ਕਾਰਣ ਸ਼ਾਇਦ ਇਹ ਹੈ ਕਿ ਇਥੇ ਪਾਣੀ ਮਾਖਿਉਂ ਵਰਗਾ ਮਿੱਠਾ ਅਤੇ ਦੁੱਧ ਵਰਗੇ ਪ੍ਰਭਾਵ ਵਾਲਾ ਹੈ।

ਕਾਬੁਲ ਵਾਦੀ ਦੇ ਲੋਕ ਸਦੀਆਂ ਤਕ ਰਾਜ ਸ਼ਾਹੀ ਦੇ ਪੰਜੇ ਵਿਚ ਫਸ ਕੇ ਲਤਾੜੇ ਜਾਂਦੇ ਰਹੇ ਨੇ, ਪਰ ਪਿਛਲੇ ਵਰ੍ਹੇ ਜਦੋਂ ਉਨਾਂ ਨੂੰ ਆਪਣੇ ਢੰਗ ਨਾਲ ਆਪਣੀ ਕਿਸਮਤ ਘੜਣ ਦਾ ਮੌਕਾ ਮਿਲਿਆ, ਤਾਂ ਉਨ੍ਹਾਂ ਨੇ ਰਾਜਸ਼ਾਹੀ ਖੇਰੂ ਖੇਰੂ ਕਰਕੇ ਕਾਬੁਲ ਦਰਿਆਂ ਦੇ ਪਾਣੀਆਂ ਵਿਚ ਰੋੜ੍ਹ ਦਿਤੀ।

ਕਾਬੁਲ ਦੀ ਵਾਦੀ ਵਿਚ ਸੱਤਵੀ ਸਦੀ ਤਕ ਬੋਧੀਆਂ ਦਾ ਤਪ-ਤੇਜ ਰਿਹਾ, ਪਰ ਫੇਰ ਗਜ਼ਨਵੀਆਂ ਨੇ ਆਪਣਾ ਪ੍ਰਭਾਵ ਫੈਲਾ ਕੇ ਬੁਧ ਪ੍ਰਭਾਵ ਨੂੰ ਗੁਫ਼ਾਵਾਂ ਤਕ ਹੀ ਸੀਮਤ ਕਰ ਦਿਤਾ। ਪਰ ਗਜ਼ਨਵੀਆਂ, ਅਤੇ ਅਬਦਾਲੀਆਂ ਦੇ ਪ੍ਰਭਾਵ ਨੂੰ ਹੁਣ ਗੁਫਾਵਾਂ ਵਿਚ ਨਹੀਂ ਸਗੋਂ ਕਾਬੁਲ ਰਾਹੀ ਸਮੁੰਦਰ ਦੇ ਖਾਰੇ ਪਾਣੀ ਦੇ ਹਵਾਲੇ ਕਰ ਦਿਤਾ ਗਿਆ ਹੈ।

"ਧਰਤੀ ਦੇ ਸਭੋ ਹੀ ਜਾਏ—ਪੁਤਰ ਅਤੇ ਧੀਆਂ ਇਕ ਸਮਾਨ ਨੇ।" ਕ੍ਰਾਂਤਕਾਰੀ ਕਾਬੁਲ ਦਾ ਇਹੋ ਹੀ ਨਾਹਰਾ ਹੈ।

ਧਰਤੀ ਦੀਆਂ ਸਭੋਂ ਹੀ ਬਰਕਤਾਂ ਕਿਰਤੀਆਂ ਲਈ ਨੇ।" ਮੈਨੂੰ ਕਾਬੁਲ ਦਰਿਆਂ ਦੀਆਂ ਸੂਕਦੀਆਂ ਹੋਈਆਂ ਲਹਿਰਾਂ ਨੇ ਕਿਹਾ।

ਕਹਿੰਦੇ ਨੇ ਕਿ ਫਿਰਦੌਸ਼ੀ ਦਾ ਸ਼ਾਹਨਾਮਾ ਬਲਖ ਵਿਚ ਸ਼ੁਰੂ ਹੋ ਕੇ ਗਜ਼ਨੀ ਵਿਚ ਮੁਕੰਮਲ ਹੋਇਆ ਸੀ। ਪਸ਼ਤੋ ਵਿਚ ਲਿਖਣ ਵਾਲੇ ਕਵੀਆਂ ਅਤੇ ਲੇਖਕਾਂ ਦੀਆਂ ਆਵਾਜ਼ਾਂ ਵੀ ਸਮੇਂ ਦੇ ਦਰਦ ਨੂੰ ਪੂਰੀ ਤਰ੍ਹਾਂ ਸਾਕਾਰ ਕਰਦੀਆਂ ਰਹੀਆਂ ਨੇ।

ਇਨਕਲਾਬ ਤੋਂ ਮਗਰੋਂ ਜਦੋਂ ਮੈਂ ਕਾਬੁਲ ਗਿਆ ਤਾਂ ਕਾਬੁਲ ਦਰਿਆਂ ਵਿਚ ਮੈਨੂੰ ਇਕ ਨਵਾਂ ਹੀ ਜਲਵਾ ਨਜ਼ਰ ਆਇਆ। ਇਨਕਲਾਬ ਖਾਤਿਰ ਸ਼ਹੀਦ ਹੋਣ ਵਾਲੇ ਸੂਰਮੇ ਪਠਾਨਾਂ ਦੇ ਲਹੂ ਦੀ ਰੰਗਤ ਨਾਲ ਵੀ ਦਰਿਆ ਦੇ ਪਾਣੀ ਦਾ ਰੰਗ ਸੂਹਾ ਹੋ ਗਿਆ ਲਗਦਾ ਹੈ, ਪਰ ਉਸ ਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਉਸ ਦੇ ਸੂਰਮੇ ਪੁਤਰਾਂ ਧੀਆਂ ਨੇ ਦੇਸ਼ ਦੀ ਮੁਖਤਿਆਰੀ ਆਪਣੇ ਹੱਥਾਂ ਵਿਚ ਲੈ ਲਈ ਹੈ। ਹੁਣ ਨਾ ਕੋਈ ਅਬਦਾਲੀ ਰਿਹਾ ਅਤੇ ਨਾਂ ਹੀ ਕੋਈ ਦੁਰਾਨੀ।

ਕਾਬੁਲ ਲੋਕਾਂ ਦੀ ਧਰਤੀ ਹੈ ਅਤੇ ਕਾਬੁਲ ਦਰਿਆ ਦੀਆਂ ਸਿਹਤਮੰਦ ਛੱਲਾਂ ਵੀ। ਲੋਕਾਂ ਦੇ ਦਿਲਾਂ ਵਿਚ ਵਲਵਲੇ ਅਤੇ ਚਿਹਰਿਆਂ ਤੇ ਰੌਸ਼ਨੀ ਹੈ।

ਕਾਬੁਲ ਦਿਲ ਵਾਲੇ ਲੋਕਾਂ ਦਾ ਦਰਿਆ ਹੈ ਅਤੇ ਉਸ ਦੀ ਵਾਦੀ ਵਿਚ ਮੁਸਲਮਾਨ, ਹਿੰਦੂ, ਸਿੱਖ ਤੇ ਹੋਰ ਲੋਕ ਧਰਤੀ ਦੇ ਜਾਇਆਂ ਵਾਂਗ ਹੀ ਸਾਹ ਲੈਂਦੇ ਤੇ ਜਿਉਂਦੇ ਨੇ।

ਭਾਰਤ ਵਿਚੋਂ ਲੰਘਣ ਵਾਲੇ ਦਰਿਆਂ ਸਿੰਧ ਨਾਲ ਜਿਸ ਤਰ੍ਹਾਂ ਕਾਬੁਲ ਦਰਿਆਂ ਮਿਲਕੇ ਖੁਸ਼ ਹੁੰਦਾ ਹੈ, ਕੁਝ ਉਸੇ ਤਰ੍ਹਾਂ ਦਾ ਹੀ ਸਬੰਧ ਹੈ ਭਾਰਤ ਅਤੇ ਅਫਗਾਨਿਸਤਾਨ ਦੇ ਲੋਕਾਂ ਦਾ। ਇਨਾਂ ਦਾ ਸੰਗਮ ਵਿਸ਼ਵ ਵਿਚ ਜਿਸ ਖੁਸ਼ਹਾਲੀ ਅਤੇ ਦੋਸਤੀ ਨੂੰ ਸਾਕਾਰ ਕਰਦਾ ਹੈ, ਉਸ ਦੀ ਗਾਥਾ ਇਕ ਅਮਰ ਕਥਾ ਬਣ ਗਈ ਹੈ।

ਵਰਿਆਮ ਨੂੰ ਸਹਾਇਤਾ

ਸੰਤ ਹਰਨਾਮ ਸਿੰਘ ਚੰਡੀਗੜ੍ਹ—ਸੈਕਟਰ ੩੭ ਨਿਵਾਸੀ ਸੰਤ ਹਰਨਾਮ ਸਿੰਘ ਜੀ ਨਾਮਧਾਰੀ ੮੦-੮੫ ਸਾਲ ਦੀ ਆਯੂ ਭੋਗ ਕੇ ਚੜ੍ਹਾਈ ਕਰ ਗਏ। ਮਿਤੀ ੨੯ ਜੁਲਾਈ ਨੂੰ ਉਹਨਾਂ ਨਮਿਤ ਪਾਠ ਦਾ ਭੋਗ ਪਿਆ। ਪੰਡਤ ਗੋਪਾਲ ਸਿੰਘ ਜੀ ਅਤੇ ਜ: ਗਿਆਨ ਸਿੰਘ, ਦਾਨ ਸਿੰਘ ਜੀ ਦੇ ਜਥੇ ਨੇ ਦੀਵਾਨ ਲਾਏ। ਸੰਤਾਂ ਦੇ ਸਪੁਤਰਾਂ ਸ: ਕਰਤਾਰ ਸਿੰਘ, ਸ: ਸੰਤੋਖ ਸਿੰਘ ਆਦਿ ਪਰਿਵਾਰ ਨੇ ਇਸ ਸਮੇਂ ਨਾਮਧਾਰੀ ਧਰਮਸਾਲਾ ਚੰਡੀਗੜ੍ਹ ਨੂੰ ੧੧੦੦/- ਰੁਪਏ ਅਤੇ ਲੰਗਰ ਭੈਣੀ ਸਾਹਿਬ, ਸਤਿਜੁਗ, ਰਾਮਗੜ੍ਹੀਆ ਭਵਨ ਆਦਿਕ ਨੂੰ ਸਹਾਇਤਾ ਦਿਤੀ। ਵਰਿਆਮ ਵਾਸਤੇ ੫੧/- ਰੁਪੈ ਸਹਾਇਤਾ ਸੰਤ ਚੰਨਣ ਸਿੰਘ ਰਾਹੀਂ ਪੁਜੀ ਹੈ।

ਜਥੇਦਾਰ ਨਿਰੰਜਨ ਸਿੰਘ ਟਮਕੋਟੀ—ਦੀ ਭੈਣ ਬੀਬੀ ਹਰਬੰਸ ਕੌਰ ਦਾ ਸੁਭ ਅਨੰਦ ਕਾਰਜ ੩੧ ਵੈਸਾਖ ੨੦੩੯ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਕਾਕਾ ਜੰਗਸ਼ੇਰ ਸਿੰਘ ਸਪੁਤਰ ਸ: ਮਹਿੰਦਰ ਸਿੰਘ ਪਿੰਡ ਹਰਗਣਾਂ ਤਹਿਸੀਲ ਸਮਰਾਲਾ ਨਾਲ ਹੋਇਆ। ਵਰਿਆਮ ਵਾਸਤੇ ੧੧/- ਰੁਪੈ ਸਹਾਇਤਾ ਭੇਜੀ ਗਈ।

ਬੀਬੀ ਮਨਜੀਤ ਕੌਰ—ਪ੍ਰਤਾਪ ਬਾਗ ਦਿੱਲੀ ਤੋਂ ਬੀਬੀ ਮਨਜੀਤ ਕੌਰ (ਮਾਰਫਤ ਸ: ਪਿਆਰਾ ਸਿੰਘ) ਜੀ ਨੇ ਵਰਿਆਮ ਵਾਸਤੇ ਗਿਆਰਾਂ ਰੁਪਏ ਦੀ ਸਹਾਇਤਾ ਭੇਜੀ ਹੈ।

ਸ: ਰਾਜਿੰਦਰ ਸਿੰਘ ਮੰਡੀ—ਸ: ਰਾਜਿੰਦਰ ਸਿੰਘ ਮੰਡੀ ਹਿਮਾਚਲ ਵਾਲਿਆਂ ਪਰਿਵਾਰ ਸ਼ਹਿਤ ਵਰਿਆਮ ਵਾਸਤੇ ਇਕ ਸੌ ਰੁਪਏ ਦੀ ਸਹਾਇਤਾ ਸੂਬਾ ਜੈਮਲ ਸਿੰਘ ਜੀ ਰਾਹੀਂ ਭੇਜੀ ਹੈ।

ਸ: ਹਰਭਜਨ ਸਿੰਘ ਮੰਡੀ—ਮੰਡੀ (ਹਿਮਾਚਲ ਪ੍ਰਦੇਸ਼) ਤੋਂ ਵਰਿਆਮ ਦੇ ਸਨੇਹੀ ਸ: ਹਰਭਜਨ ਸਿੰਘ ਜੀ ਨੇ ਆਪਣੇ ਘਰ ਪੋਤਰਾ (ਸਪੁਤਰ ਸ: ਰਛਪਾਲ ਸਿੰਘ) ਹੋਣ ਦੀ ਖੁਸ਼ੀ ਵਿਚ ਵਰਿਆਮ ਨੂੰ ਗਿਆਰਾਂ ਰੁਪਏ ਸਹਾਇਤਾ ਭੇਜੀ ਹੈ।

ਸ: ਮਹਿੰਦਰ ਸਿੰਘ ਚੰਡੀਗੜ੍ਹ—ਯੂਅਰ ਕਲਾਥ ਹਾਊਸ ਚੰਡੀਗੜ੍ਹ ਵਾਲੇ ਸ: ਮਹਿੰਦਰ ਸਿੰਘ ਜੀ ਦੇ ਪਿਤਾ ਦੇ ਦੀ ਬਰਸੀ ਦਾ ਭੋਗ ੧੯ ਜੂਨ ਨੂੰ ਚੰਡੀਗੜ੍ਹ ਵਿਖੇ ਪਾਇਆ ਗਿਆ। ਵਰਿਆਮ ਵਾਸਤੇ ੨੧/- ਰੁਪੈ ਸਹਾਇਤਾ ਪੁਜੀ ਹੈ।

ਸੰਤ ਹਜ਼ਾਰਾ ਸਿੰਘ ਚਾਨਾ—ਜ਼ਿਲਾ ਜਲੰਧਰ ਦੇ ਪਿੰਡ ਬੀਰ ਦੇ ਸੰਤ ਹਜ਼ਾਰਾ ਸਿੰਘ ਚਾਨਾ ਜੀ ਨੇ ਇੰਗਲੈਂਡ ਤੋਂ ਆ ਕੇ ਆਪਣੇ ਘਰ ਮਰਿਆਦਾ ਅਨੁਸਾਰ ਅਖੰਡ ਪਾਠ ਕਰਵਾਇਆ। ਵਰਿਆਮ ਵਾਸਤੇ ੩੫/- ਰੁਪੈ ਸਹਾਇਤਾ ਸੂਬਾ ਅਵਤਾਰ ਸਿੰਘ ਜੀ ਰਾਹੀਂ ਪੁਜੀ ਹੈ।

ਸ: ਚਰਨ ਸਿੰਘ ਲੁਹਾਨਾਂ ਵਾਲੇ—ਬਸਤੀ ਭੂਰੇ ਖਾਂ ਜਲੰਧਰ ਦੇ ਸ: ਚਰਨ ਸਿੰਘ ਲੁਹਾਨਾਂ ਵਾਲਿਆਂ ਅਪਣੇ ਸਪੁਤਰ ਜਸਵੰਤ ਸਿੰਘ ਦੇ ਸ੍ਰੀ ਭੈਣੀ ਸਾਹਿਬ ਵਿਦਿਅਕ ਸੰਮੇਲਨ ਤੇ ਹੋਏ ਅਨੰਦ ਕਾਰਜ ਦੀ ਖੁਸ਼ੀ ਵਿਚ ਇਕੀ ਰੁਪਏ ਸਹਾਇਤਾ ਭੇਜੀ ਹੈ।

ਸੇਠ ਸੇਵਾ ਸਿੰਘ ਜੀ ਦਿੱਲੀ—ਸੇਠ ਸੇਵਾ ਸਿੰਘ ਜੀ ਤੰਬੂਆਂ ਵਾਲੇ (ਨਾਮਧਾਰੀ ਏਜੰਸੀਜ਼) ਦਿੱਲੀ ਦੇ ਸਪੁਤਰ ਸ: ਸੰਤੋਖ ਸਿੰਘ ਦਾ ਅਨੰਦ ਕਾਰਜ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਬੀਬੀ ਬਲਜੀਤ ਕੌਰ ਸਪੁਤਰੀ ਸ: ਨਰਿੰਦਰ ਸਿੰਘ ਬਾਜਵਾ ਸੰਤ ਨਗਰ ਨਾਲ ੪ ਜੁਲਾਈ ੧੯੮੨ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਸੇਠ ਜੀ ਵਲੋਂ ਇਕਵੰਜਾ ਰੁਪਏ ਵਰਿਆਮ ਨੂੰ ਸਹਾਇਤਾ ਵਜੋਂ ਦਿਤੇ ਗਏ।

ਸ: ਸੂਰਤ ਸਿੰਘ ਹੰਸਪਾਲ—ਬਿਜਨੌਰ ਨਿਵਾਸੀ ਸ: ਸੂਰਤ ਸਿੰਘ ਹੰਸਪਾਲ ਦੇ ਸਰਸਵਤੀ ਗਾਰਡਨ ਦਿੱਲੀ ਵਾਲੇ ਘਰ ਪੋਤਰਾ (ਸਪੁਤਰ ਸ: ਗੁਰਮੀਤ ਸਿੰਘ) ਹੋਣ ਦੀ ਖੁਸ਼ੀ ਵਿਕ ਜ: ਸੇਵਾ ਸਿੰਘ ਜੀ ਨੇ ਕੀਰਤਨ ਕੀਤਾ ਪਾਠ ਦਾ ਭੋਗ ਪਿਆ ਅਤੇ ਲੰਗਰ ਹੋਇਆ। ਵਰਿਆਮ ਵਾਸਤੇ ਇਕਵੰਜਾ ਰੁਪਏ ਸਹਾਇਤਾ ਭੇਜੀ ਗਈ।

ਮਾਤਾ ਆਸ ਕੌਰ—ਬਸਤੀ ਭੂਰੇ ਖਾਂ ਜਲੰਧਰ ਵਿਖੇ ਬਜ਼ੁਰਗ ਮਾਤਾ ਆਸ ਕੌਰ ਜੀ ਚੜ੍ਹਾਈ ਕਰ ਗਏ। ੧੫ ਜੁਲਾਈ ਨੂੰ ਉਹਨਾਂ ਦੇ ਸਪੁਤਰਾਂ ਸੰਤ ਹਰਨਾਮ ਸਿੰਘ, ਸੰਤ ਚਰਨ ਸਿੰਘ (ਸਾਬਕਾ ਪ੍ਰਧਾਨ), ਸ: ਤਾਰਾ ਸਿੰਘ, ਸ: ਸਵਰਨ ਸਿੰਘ ਆਦਿ ਪਰਿਵਾਰ ਵਲੋਂ ਮਾਤਾ ਜੀ ਦੀ ਯਾਦ ਵਿਚ ਪਾਠ ਦਾ ਭੋਗ ਪਾਇਆ ਗਿਆ। ਪੰਡਤ ਗੋਪਾਲ ਸਿੰਘ ਜੀ ਨੇ ਇਸ ਸਮੇਂ ਕੀਰਤਨ ਕੀਤਾ। ਵਰਿਆਮ ਵਾਸਤੇ ੨੫/- ਰੁਪੈ ਸਹਾਇਤਾ ਕਢੀ ਗਈ। ਧਨਵਾਦ : ਮੈਨੇਜਰ

ਰੀਵੀਊ

ਮੀਆਂ ਮੁਹੰਮਦ ਬਖ਼ਸ਼

ਜੀਵਨ ਅਤੇ ਰਚਨਾ

ਸੰਪਾਦਕ—ਡਾ: ਧਰਮ ਪਾਲ ਸਿੰਗਲ

ਪ੍ਰਕਾਸ਼ਕ—ਜੰਮੂ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

ਪੰਨੇ—੭੧੮ (ਵੱਡਾ ਆਕਾਰ)

ਮੁਲ—੪੦ ਰੁਪੈ

ਜੰਮੂ-ਕਸ਼ਮੀਰ ਦੇ ਇਕ ਪ੍ਰਸਿੱਧ ਸੂਫ਼ੀ ਕਵੀ ਮੀਆਂ ਮੁਹੰਮਦ ਬਖਸ਼ ਦੇ ਜੀਵਨ ਅਤੇ ਰਚਨਾ ਬਾਰੇ ਇਸ ਪੁਸਤਕ ਵਿਚ ਨਾ ਕੇਵਲ ਬੜੀ ਪਰਮਾਣੀਕ ਜਾਣਕਾਰੀ ਦਿਤੀ ਗਈ ਹੈ ਸਗੋਂ ਮੀਆਂ ਜੀ ਦੀਆਂ ਕੋਈ ਡੇਢ ਦਰਜਨ ਰਚਨਾਵਾਂ ਵਿਚੋਂ ਸਭ ਤੋਂ ਪ੍ਰਸਿੱਧ ਤੇ ਪ੍ਰਮੁਖ ਰਚਨਾ ਸੈਫ਼ਲ ਮਲੂਕ ਦਾ ਸ਼ੁਧ ਪਾਠ ਵੀ ਪ੍ਰਕਾਸ਼ਿਤ ਕੀਤਾ ਗਿਆ ਹੈ। ਉਂਝ ਪੁਸਤਕ ਦੇ ਨਾਂ ਤੋਂ ਤਾਂ ਇਹ ਲਗਦਾ ਹੈ ਜਿਵੇਂ ਮੀਆਂ ਮੁਹੰਮਦ ਦੀਆਂ ਸਾਰੀਆਂ ਰਚਨਾਵਾਂ ਇਸ ਵਿਚ ਪ੍ਰਸਤੁਤ ਹੋਣਗੀਆਂ। ਚੰਗਾ ਹੁੰਦਾ ਜੇ ਪੁਸਤਕ ਦਾ ਨਾਂ "ਕਿੱਸਾ ਸੈਫ਼ਲ ਮਲੂਕ ਇਕ ਅਧਿਐਨ" ਹੁੰਦਾ ਤੇ ਜਿਸ ਵਿਚ ਕਿਰਤ ਦਾ ਅਦਬੀ ਜਾਇਜ਼ਾ ਅਤੇ ਕਰਤਾ ਦਾ ਜੀਵਨ ਪ੍ਰਸਤੁਤ ਹੁੰਦਾ ਕਿਉਂਕਿ ਇਹ ਰਚਨਾ ਇਸੇ ਨਾਂ ਨਾਲ ਪ੍ਰਸਿੱਧ ਹੈ ਤੇ ਇਸੇ ਕਰਕੇ ਸ਼ਾਇਦ ਉਸ ਦਾ ਕਰਤਾ ਮੀਆਂ ਮੁਹੰਮਦ ਬਖਸ਼ ਸੀ।

ਸਯੋਗ ਸੰਪਾਦਕ ਦਾ ਕਥਨ ਹੈ, ਸੈਫ਼ਲ-ਮਲੂਕ ਇਕ ਕਿੱਸਾ ਨਹੀਂ ਰੋਮਾਂਸ ਹੈ, ਮਿਥ ਹੈ ਜਿਸ ਵਿਚ ਕਿੱਸੇ ਵਾਂਗ ਇਕ ਭਰਵੀਂ ਤੇ ਚਲਦੀ ਕਹਾਣੀ ਨਹੀਂ, ਸਗੋਂ ਕਹਾਣੀ-ਦਰ ਕਹਾਣੀ ਵਾਂਗ ਇਸ ਵਿਚ ਅਨੇਕਾਂ ਕਹਾਣੀਆਂ ਚਲਦੀਆਂ ਹਨ......ਇਨ੍ਹਾਂ ਕਹਾਣੀਆਂ ਦਾ ਆਧਾਰ ਕਲਪਣਾ ਹੈ, ਜੇ ਯਥਾਰਥ ਬਾਰੇ ਸੋਚਣ ਲੱਗੀਏ ਤਾਂ ਸਾਰੀ ਕਹਾਣੀ ਖਲੋ ਜਾਵੇਗੀ।

ਤਕਨੀਕ ਦੇ ਪੱਖ ਤੋਂ ਇਹ ਕਿੱਸੇ ਨਾਲੋਂ ਵਧ ਮਸਨਵੀ ਤੇ ਰਵਾਇਤੀ ਰੂਪ ਵਿਚ ਲਿਖਿਆ ਗਿਆ ਹੈ। ਇਹ ਆਮ ਕਿੱਸਿਆਂ ਵਾਂਗ ਬੈਂਤ ਕਾਵਿ ਰੂਪ ਵਿਚ ਨਹੀਂ ਸਗੋਂ ਦਵੱਈਏ ਛੰਦ ਵਿਚ ਰਚਿਆ ਗਿਆ ਹੈ ਜਿਸ ਵਿਚ ਕਿਤੇ ਦੋ-ਤੁਕੇ ਤੇ ਕਿਤੇ ਚਾਰ-ਤੁਕੇ ਸ਼ਿਅਰ ਮਿਲਦੇ ਹਨ।

ਇਸ ਪੁਸਤਕ ਦੇ ਸਰਸਰੀ ਪਾਠ ਤੋਂ ਮੈਂ ਦੋ ਮੁੱਖ ਨਤੀਜੇ ਕੱਢੇ ਹਨ। ਇਕ ਇਹ ਕਿ ਜੰਮੂ-ਕਸ਼ਮੀਰ ਦੇ ਲੋਕਾਂ ਦੀ ਬੋਲਣ ਵਾਲੀ ਜ਼ਬਾਨ ਭਾਵੇਂ ਕਸ਼ਮੀਰੀ ਜਾਣ ਜਾਂ ਡੋਗਰੀ ਪਰ ਉਥੋਂ ਦੀ ਮੁੱਖ ਸਾਹਿਤਕ ਭਾਸ਼ਾ ਕਾਫੀ ਸਮੇਂ ਤੋਂ ਪੰਜਾਬੀ ਹੀ ਚਲੀ ਆ ਰਹੀ ਹੈ। ਫਿਰ ਇਸ ਸਾਹਿਤਕ ਭਾਸ਼ਾ ਦਾ ਪ੍ਰਭਾਵ ਕੇਵਲ ਪੜ੍ਹਿਆਂ ਲਿਖਿਆਂ ਅਤੇ ਵਿਦਵਾਨਾਂ ਤਕ ਹੀ ਸੀਮਿਤ ਨਹੀਂ ਰਿਹਾ ਸਗੋਂ ਇਹ ਜੰਮੂ-ਕਸ਼ਮੀਰ ਦੇ ਆਮ ਲੋਕਾਂ ਨੂੰ ਵੀ ਪ੍ਰਭਾਵਿਤ ਕਰਦਾ ਰਿਹਾ ਹੈ। ਅਜ ਤੋਂ ਕੋਈ ਪੌਣੇ ਦੋ ਸੌ ਸਾਲ ਪਹਿਲਾਂ ਰਿਆਸਤ ਦੇ ਇਕ ਛੋਟੇ ਜਿਹੇ ਪਿੰਡ ਖੇੜੀ ਸ਼ਰੀਫ, ਜ਼ਿਲਾ ਮੀਰਪੁਰ ਵਿਚ ਜਨਮੇ ਇਸ ਸੂਫ਼ੀ ਕਵੀ ਨੇ ਕੋਈ ਡੇਢ ਦਰਜਨ ਰਚਨਾਵਾਂ ਕੀਤੀਆਂ ਅਤੇ ਉਹ ਸਾਰੀਆਂ ਦੀਆਂ ਸਾਰੀਆਂ ਉਸ ਵੇਲੇ ਦੀ ਉਰਦੂ ਸਮਿਲਤ ਪੰਜਾਬੀ ਜ਼ਬਾਨ ਵਿਚ ਕੀਤੀਆਂ। ਜੇ ਇਹ ਭਾਸ਼ਾ ਲੋਕਾਂ ਦੀ ਸਮਝ ਸੂਝ ਤੇ ਸੰਪਰਕ ਤੋਂ ਵਿਹੂਣੀ ਹੁੰਦੀ ਨਾ ਕੋਈ ਏਨੀਆਂ ਰਚਨਾਵਾਂ ਨਿਸਚਿਤ ਕਰਦਾ ਤੇ ਨਾ ਇਸ ਵਿਚ ਕੀਤੀ ਰਚਨਾ ਸੈਫੁਲ-ਮਲੂਕ ਨੂੰ ਉਹ ਥਾਂ ਨਸੀਬ ਹੁੰਦੀ ਜਿਸ ਦੇ ਲਈ ਅਕਾਦਮੀ ਦੇ ਅੱਜ ਦੀ ਵਿਦਵਾਨ ਸਕੱਤਰ ਸ੍ਰੀ ਮੁਹੰਮਤ ਯੂਸਫ਼ ਟੈਂਗ ਨੂੰ ਇਹ ਲਿਖਣਾ ਪੈਂਦਾ :

"...ਮੇਰੇ ਜਿਹਾ ਸ਼ਖਸ ਵੀ, ਜਿਸ ਦਾ ਪੰਜਾਬੀ ਜ਼ਬਾਨ ਨਾਲ ਸਬੰਧ ਕਾਫ਼ੀ ਘਟ ਹੈ, ਇਸ ਦੇ ਸ਼ੇਅਰਾਂ ਨਾਲ ਆਪਣੀਆਂ ਰਗਾਂ ਵਿਚ ਖ਼ੂਨ ਦੀ ਗਰਦਸ਼ ਤੇਜ਼ ਹੁੰਦੀ ਮਹਿਸੂਸ ਕਰਦਾ ਹੈ।"

ਜੰਮੂ-ਕਸ਼ਮੀਰ ਦੇ ਅਜ ਤੋਂ ਪੌਣੇ ਦੋ ਸੌ ਸਾਲ ਪਹਿਲਾਂ ਦੇ ਲੋਕਾਂ ਨੇ ਪੰਜਾਬੀ ਜ਼ਬਾਨ ਦੇ ਇਸ ਕਿੱਸੇ ਨੂੰ ਨਾ ਕੇਵਲ ਸੁਆਦ ਕਰਕੇ ਸਗੋਂ ਇਸ ਵਿਚ ਕਹੇ ਗਏ ਬੋਲਾਂ ਕਰਕੇ ਇਸ ਨੂੰ ਏਨਾ ਪਿਆਰਿਆ ਤੇ ਸਤਿਕਾਰਿਆ ਕਿ ਜੰਮੂ ਕਸ਼ਮੀਰ ਵਿਚ ਇਸ ਬਾਰੇ ਇਹ ਅਖਾਣ ਪ੍ਰਸਿਧ ਹੋ ਗਿਆ ਕਿ "ਪਹਾੜਾਂ ਦੇ ਲੋਕ ਕਲਮਾ ਪੜ੍ਹਕੇ ਮੁਸਲਮਾਨ ਹੋਏ ਤੇ ਸੈਫ਼ਲ ਮਲੂਕ ਪੜ੍ਹ ਕੇ ਮੋਮਨ।" ਭਾਵ ਇਸੇ ਕਿੱਸੇ ਨੇ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਚੰਗਾ ਮੁਸਲਮਾਨ ਬਣਨਾ ਸਿਖਾਇਆ ਤੇ ਉਹਨਾਂ ਨੂੰ ਜਾਚ ਦੱਸੀ ਕਿ ਆਪਣੇ ਜਜ਼ਬਾਤ ਉਤੇ ਕਿਵੇਂ ਕਾਬੂ ਪਾਕੇ ਉਹਨਾਂ ਨੂੰ ਕੋਮਲ ਬਣਾਈਦਾ ਹੈ ਅਤੇ ਨਫ਼ਜ਼ (ਕਾਮ ਵੇਗ) ਉਤੇ ਨਿਯੰਤਰਣ ਰਖਕੇ ਉਸਨੂੰ ਕਿਵੇਂ ਸਿਖਾਈਦਾ ਹੈ।

ਇੰਝ ਹੋਣਾ ਸੁਭਾਵਕ ਸੀ ਕਿਉਂਕਿ ਇਸ ਰਚਨਾ ਵਿਚ

ਇਸ਼ਕ ਦਾ ਸੰਕਲਪ ਜਿਸਮਾਨੀ ਤੇ ਰੂਹਾਨੀ ਦੋਹਾਂ ਪੱਖਾਂ ਤੋਂ ਪੇਸ਼ ਕੀਤਾ ਗਿਆ ਹੈ ਜਿਵੇਂ ਕਿ ਆਮ ਅਧਿਆਤਮਕ ਅਤੇ ਸੂਫ਼ੀ ਸਾਹਿਤ ਵਿਚ ਹੁੰਦਾ ਰਿਹਾ ਹੈ। ਕੁਝ ਸ਼ਿਅਰ ਹਨ :

ਜਿਸ ਦਿਲ ਅੰਦਰ ਇਸ਼ਕ ਸਮਾਣਾ,
ਉਸ ਨਹੀਂ ਫਿਰ ਜਾਣਾ।
ਤੋੜੇ, ਕਿਹਣੇ ਮਿਲਣ ਹਜ਼ਾਰਾਂ,
ਨਾਹੀਂ ਯਾਰ ਵਟਾਣਾ।

ਸਦਕੇ ਕਰਕੇ ਸੀਸ ਸਜਨ ਦਿਆਂ
ਕਦਮਾਂ ਵਿਚ ਨਾ ਲਾਇਆ।
ਭਾਗ ਭਾਰ ਨਿਕੰਮਾ ਧੜ ਤੇ,
ਐਵੇਂ ਰਖਿਆ ਚਾਇਆ।

ਜਿਸ ਸਿਰ ਸਿਰੇ ਇਸ਼ਕ ਹੈ ਓਥੇ,
ਸ਼ਹਿਵਤ ਮੂਲ ਨਾ ਦਿਸਦੀ
ਜਿਸ ਦਿਲ ਹੁਬ ਸਜਣ ਦੀ,
ਉਸ ਵਿਚ ਹੁਬ ਨਹੀਂ ਹਰ ਕੱਸਦੀ।

ਦੂਜਾ ਨਤੀਜਾ ਇਹ ਕਿ ਰਚਨਾ ਉਹੋ ਹੀ ਉਤਮ ਤੇ ਚਿਰਜੀਵੀ ਹੁੰਦੀ ਹੈ ਜਿਸ ਦੇ ਰਚੈਤਾ ਦੀ ਸ਼ਖਸ਼ੀਅਤ ਵੀ ਉਚੀ ਸੁਚੀ, ਪਾਕਦਾਮਨ, ਤਿਆਗੀ, ਤਪੱਸਵੀ ਅਤੇ ਰੱਬ ਤੇ ਸ਼ਰਾਹ ਉਤੇ ਈਮਾਨ ਰਖਣ ਵਾਲੀ ਹੋਵੇ। ਮੀਆਂ ਮੁਹੰਮਦ ਬਖਸ਼ ਇਕ ਸੱਚੀ ਸੁੱਚੀ ਸ਼ਖਸੀਅਤ ਸਨ ਇਸ ਲਈ ਉਹ ਰਚਨਾ ਵੀ ਬੜੀ ਮਹਾਨ ਕਰਕੇ ਗਏ ਹਨ। ਇਹ ਇਕ ਪਾਸੇ ਲੋਕਾਂ ਦੀਆਂ ਸਰੀਰਕ ਭਾਵਨਾਵਾਂ ਨੂੰ ਰਾਹਤ ਤੇ ਤ੍ਰਿਪਤੀ ਦੇਣਾ ਹੈ ਤੇ ਦੂਜੇ ਪਾਸੇ ਉਹਨਾਂ ਨੂੰ ਆਤਮਕ ਸੇਧ ਅਤੇ ਅਗਵਾਈ ਦੇਣੀ ਹੈ। ਨੈਤਿਕ ਜੀਵਨ ਜੀਊਣ ਦੀ ਪ੍ਰੇਰਨਾ ਕਰਦੀ ਹੈ। ਇਸ ਦੀ ਰਚਨਾ ਦੀ ਮਹਾਨਤਾ ਇਸ ਗਲ ਤੋਂ ਵੀ ਪ੍ਰਤੱਖ ਹੈ ਕਿ ਇਹ ਕਿੱਸਾ ਜੰਮੂ ਕਸ਼ਮੀਰ ਵਿਚ ਏਨਾਂ ਹਰਮਨ ਪਿਆਰਾ ਹੋਇਆ ਕਿ ਇਸ ਨੂੰ ਸੁਚੱਜੀ ਜੀਵਨ ਜਾਚ ਸਿਖਾਉਣ ਲਈ ਕੁਰਾਨ ਸ਼ਰੀਫ ਤੋਂ ਦੂਜਾ ਦਰਜਾ ਦਿਤਾ ਗਿਆ। ਜੰਮੂ ਕਸ਼ਮੀਰ ਵਿਚ ਹਾਲਾਂ ਵੀ ਕੁਝ ਲੋਕ ਹਨ ਜਿਨ੍ਹਾਂ ਨੂੰ ਏਨਾ ਵਡਾ ਕਿੱਸਾ ਜ਼ਬਾਨੀ ਯਾਦ ਹੈ।

ਸਾਨੂੰ ਖ਼ੁਸ਼ੀ ਹੈ ਕਿ ਪੰਜਾਬੀ ਨੂੰ ਇਕ ਸ੍ਰੇਸ਼ਟ ਰਚਨਾ ਨੂੰ ਜਿਹੜੀ ਕਈ ਇਕ ਬੇਵਸੇ ਤੇ ਵਸੇ ਕਾਰਨਾਂ ਕਰਕੇ ਅਜ ਦੇ ਪਾਠਕਾਂ ਦੀਆਂ ਨਜ਼ਰਾਂ ਤੋਂ ਉਹਲੇ ਹੁੰਦੀ ਜਾ ਰਹੀ ਸੀ, ਜੰਮੂ ਕਸ਼ਮੀਰ ਦੀ ਸਾਹਿਤ, ਕਲਾ ਤੇ ਭਾਸ਼ਾ ਅਕਾਦਮੀ ਨੇ ਏਨੇ ਪਰਖ ਤੇ ਖੇਚਲ ਨਾਲ ਸਾਜ ਸਵਾਰਕੇ ਪੰਜਾਬੀ (ਗੁਰਮੁਖੀ ਲਿਪੀ) ਵਿਚ ਪ੍ਰਕਾਸ਼ਤ ਕੀਤਾ ਹੈ। ਇਸ ਤਰ੍ਹਾਂ ਉਸਨੇ ਜਿਥੇ ਆਪਣੀ ਰਿਆਸਤ (ਰਾਜ) ਦੇ ਅਮੀਰ ਸਾਹਿਤਕ ਵਿਰਸੇ ਨੂੰ ਸੰਭਾਲਣ ਤੇ ਪੁਨਰ-ਸੰਜੀਵ ਕਰਨ ਦਾ ਜਤਨ ਕੀਤਾ ਹੈ ਉਥੇ ਰਿਆਸਤ ਦੇ ਅੰਦਰ ਤੇ ਰਿਆਸਤ ਤੋਂ ਬਾਹਰ ਦੇ ਪੰਜਾਬੀ ਪਾਠਕਾਂ ਨੂੰ ਪੰਜਾਬੀ ਕਾਵਿ ਭੰਡਾਰ ਦੀ ਇਕ ਬਹੁਮੁਲੀ ਰਚਨਾ ਅਤੇ ਉਸ ਦੇ ਰਚਨਾਕਾਰ ਤੋਂ ਜਾਣੂ ਕਰਵਾਇਆ ਹੈ। ਇਸ ਨਿਗਰ ਉਪਰਾਲੇ ਲਈ ਅਕਾਦਮੀ ਸਾਡੀ ਪਰਸੰਸ ਅਤੇ ਧੰਨਵਾਦ ਦੀ ਉਚਿਤ ਭਾਤ ਪਾਤਰ ਹੈ। ●

—ਈਸ਼ਰ ਸਿੰਘ ਅਟਾਰੀ

ਵਹਿਮੀ ਜੀ ਦੀ ਯਾਦ ਵਿਚ ਸਮਾਗਮ

ਮਸ਼ਹੂਰ ਨਾਮਧਾਰੀ ਲੇਖਕ ਸੰਤ ਤਰਨ ਸਿੰਘ ਵਹਿਮੀ ਜੀ ਦੀ ਯਾਦ ਵਿਚ ਸਾਲਾਨਾ ਸਮਾਗਮ ਉਹਨਾਂ ਦੇ ਪਿੰਡ ਰਾਮਪੁਰ ਜ਼ਿਲਾ ਸਰਸਾ ਵਿਚ ਮਿਤੀ ੪ ਅਗਸਤ ਨੂੰ ਆਯੋਜਿਤ ਕੀਤਾ ਗਿਆ। ਇਸ ਸਮਾਗਮ ਤੇ ਪ੍ਰਸਿੱਧ ਲੇਖਕ ਸ੍ਰੀ ਪ੍ਰੀਤਮ ਸਿੰਘ ਕਵੀ ਵੀ ਹਾਜ਼ਰ ਸਨ। ਸ੍ਰੀ ਗੁਰਬਖਸ਼ ਸਿੰਘ ਰਾਮਪੁਰੀ, ਵਰਿਆਮ ਸਿੰਘ ਪਿਆਸਾ ਅਤੇ ਹੋਰ ਇਲਾਕੇ ਦੇ ਕਵੀਆਂ ਵਲੋਂ ਸਾਹਿਤਕਾਰ ਵਹਿਮੀ ਨੂੰ ਕਾਵਿ-ਮਈ ਸ਼ਰਧਾਂਜਲੀ ਭੇਂਟ ਕੀਤੀ ਗਈ। ਰੇਡੀਓ ਤੇ ਟੀ. ਵੀ. ਕਲਾਕਾਰ ਸ੍ਰੀ ਗੁਰਦੇਵ ਸਿੰਘ ਕੋਇਲ ਦੇ ਮਧੁਰ ਗੀਤ ਸਮਾਗਮ ਦਾ ਮੁਖ ਆਕਰਸ਼ਨ ਸਨ। ਜਥੇਦਾਰ ਇਕਬਾਲ ਸਿੰਘ ਅਤੇ ਕਵੀਸ਼ਰ ਪ੍ਰੀਤਮ ਸਿੰਘ ਨੇ ਦੀਵਾਨ ਲਾ ਕੇ ਵਹਿਮੀ ਜੀ ਦੇ ਜੀਵਨ ਤੇ ਚਾਨਣਾ ਪਾਇਆ। ਇਸ ਅਵਸਰ ਤੇ ਵਹਿਮੀ ਜੀ ਦੇ ਸਪੁਤਰਾਂ ਸ: ਸਾਧੂ ਸਿੰਘ ਕਿਸਾਨ, ਬਲੀ ਸਿੰਘ ਹੋਰਾਂ ਵਲੋਂ ਆਈਆਂ ਸੰਗਤਾਂ ਦਾ ਧਨਵਾਦ ਕੀਤਾ ਗਿਆ ਅਤੇ ਲੰਗਰ ਪਾਣੀ ਦੀ ਸੇਵਾ ਕੀਤੀ ਗਈ। ●

ਕਹਾਣੀ

ਇਹ ਬੰਬਈ ਹੈ

—ਸੁਰਿੰਦਰ ਸਿੰਘ ਨਰੂਲਾ

ਮੈਨੂੰ ਬੰਬਈ ਵਿਚ ਆਇਆਂ ਦੋ ਹਫਤੇ ਹੋ ਗਏ ਸਨ। ਇਸ ਅਰਸੇ ਵਿਚ ਮੇਰੇ ਮੇਜ਼ਬਾਨ ਦੋਸਤ ਨੇ ਮੈਨੂੰ ਬੰਬਈ ਦੀ ਚੰਗੀ ਸੈਰ ਕਰਨ ਉਪਰੰਤ ਇਕ ਦੋ ਵਾਰ ਦੁਪਹਿਰ ਦੀ ਚਾਹ ਤਾਜ ਮਹਲ ਹੋਟਲ ਵਿਚ ਪਿਲਾਈ। ਇਕ ਦੋ ਵਾਰ "ਪ੍ਰੋਹਿਤ" ਵਿਚ ਅਸਾਂ ਦੁਪਹਿਰ ਦਾ ਖਾਣਾ ਖਾਧਾ, ਜਿਥੇ ਕਿ ਚਾਂਦੀ ਦੇ ਭਾਂਡਿਆਂ ਵਿਚ ਸ਼ੁਧ ਘੀ ਵਾਲੀਆਂ ਤਰਕਾਰੀਆਂ ਦੇ ਅਨੇਕ ਕੋਰਸ ਸਾਨੂੰ ਸਰਵ ਕੀਤੇ ਗਏ। ਇਕ ਪੂਰੀ ਸ਼ਾਮ ਅਸਾਂ ਮੈਰੀਨ ਡਰਾਇਵ ਵਿਚ ਗੁਜ਼ਾਰੀ ਸੀ ਅਤੇ ਟੈਕਸੀ ਕਰਾਏ ਤੇ ਲੈ ਕੇ ਅਸਾਂ ਸਮੁੰਦਰ ਦੇ ਕੰਢੇ ਕੰਢੇ ਤੇਜ਼ ਰਫਤਾਰ ਟੈਕਸੀ ਵਿਚ ਸੈਰ ਕੀਤੀ। ਮੇਰੇ ਦੋਸਤ ਦੀ ਫਿਲਮੀ ਜਗਤ ਵਿਚ ਕਾਫੀ ਜਾਣ ਪਛਾਣ ਸੀ ਅਤੇ ਮੈਂ ਕਈ ਵਾਰ ਨਵੀਆਂ ਬਣ ਰਹੀਆਂ ਫਿਲਮਾਂ ਦੇ ਸੈਟਾਂ ਉਤੇ ਅਨੇਕ ਫਿਲਮੀ ਹੀਰੋਈਨਾਂ ਨੂੰ ਨੇੜਿਉਂ ਦੇਖਿਆ ਸੀ। ਇਸ ਸਭ ਕੁਝ ਨਾਲ ਮੇਰੀ ਤ੍ਰਿਪਤੀ ਨਹੀਂ ਸੀ ਸੀ ਹੋਈ। ਮੇਰੇ ਮਨ ਵਿਚ ਹੋਰ ਹੀ ਲਾਲਸਾ ਮਚਲ ਰਿਹੀ ਸੀ।

ਆਖਰ ਜਦੋਂ ਬੰਬਈ ਤੋਂ ਮੁੜਨ ਵਿਚ ਕੇਵਲ ਦੋ ਚਾਰ ਦਿਨ ਹੀ ਰਹਿ ਗਏ ਤਾਂ ਮੈਂ ਆਪਣੇ ਦੋਸਤ ਨੂੰ ਰਾਜ਼ਦਾਰ ਬਣਾਕੇ ਆਪਣੇ ਦਿਲ ਦੀ ਗੱਲ ਦਸੀ। ਮੈਂ ਉਸ ਨੂੰ ਦਸਿਆ ਕਿ ਮੈਂ ਬੰਬਈ ਦੀਆਂ ਨਾਈਟ ਕਲੱਬਾਂ ਬਾਰੇ ਬਹੁਤ ਕੁਝ ਸੁਣਿਆ ਹੋਇਆ ਹੋਇਆ ਸੀ। ਕੀ ਮੈਂ ਉਨ੍ਹਾਂ ਵਿਚੋਂ ਕਿਸੇ ਵਿਚ ਜਾ ਕੇ ਇਕ ਸ਼ਾਮ ਨਹੀਂ ਸੀ ਬਿਤਾ ਸਕਦਾ। ਮੈਨੂੰ ਪਤਾ ਸੀ ਕਿ ਇਸ ਤਰ੍ਹਾਂ ਦੀ ਐਸ਼ਪ੍ਰਸਤੀ ਮਹਿੰਗੀ ਪੈਂਦੀ ਹੈ। ਇਸ ਕਾਰਣ ਮੈਂ ਆਪਣੇ ਦੋਸਤ ਨੂੰ ਨਾਂਹ ਨਾਂਹ ਕਰਦਿਆਂ ਵੀ ਇਸ ਗੱਲ ਲਈ ਰਾਜ਼ੀ ਕਰ ਲਿਆ ਕਿ ਅਜਿਹੇ ਕਿਸੇ ਵੀ ਮੌਕੇ ਉਤੇ ਉਹ ਮੇਰਾ ਮਹਿਮਾਨ ਹੋਵੇਗਾ। ਉਸ ਪਹਿਲਾਂ ਤਾਂ ਅੜੀ ਕੀਤੀ ਪਰ ਫੇਰ ਉਸ ਨੇ ਕਿਸੇ ਸ਼ਾਮ ਨਾਈਟ ਕਲਬ ਜਾਣਾ ਮੰਨ ਲਿਆ।

ਮੇਰਾ ਦੋਸਤ ਮੇਰੇ ਟਾਕਰੇ ਤੇ ਕਾਫੀ ਮੋਟਾ ਸੀ ਅਤੇ ਮੈਂ ਆਪਣੇ ਦੁਬਲੇ ਸਰੀਰ ਕਾਰਣ ਆਪਣੇ ਦੋਸਤ ਦੇ ਸ਼ਬਦਾਂ ਵਿਚ ਮਾੜੂਆ ਜਿਹਾ ਹੀ ਸਾਂ। ਇਹ ਮੋਟਾਪਾ ਉਸ ਨੂੰ ਫਬਦਾ ਕਿਉਂਕਿ ਇਹ ਉਸ ਦੇ ਮਰਦਾਉਪੁਣੇ ਦਾ ਇਕ ਪ੍ਰਕਾਰ ਨਾਲ ਹਾਣੀ ਸੀ। ਉਹ ਆਪਣੇ ਗੋਲ ਚਿਹਰੇ ਨੂੰ ਆਪਣੇ ਵਲੋਂ ਬੜਾ ਫਬਾ ਕੇ ਰਖਦਾ ਹੁੰਦਾ ਸੀ। ਭਾਵੇਂ ਉਹ ਹਰ ਰੋਜ਼ ਦਾਹੜੀ ਬਣਾਉਂਦਾ ਹੁੰਦਾ ਸੀ ਫੇਰ ਵੀ ਉਸ ਦੀ ਦਾਹੜੀ ਦੇ ਵਾਲਾਂ ਦਾ ਖਰਵਾਪਣ ਹਮੇਸ਼ਾ ਹੀ ਪ੍ਰਤਖ ਦਿਸ ਆਉਂਦਾ ਸੀ। ਜਦੋਂ ਮੈਂ ਉਸ ਦਾ ਇਸ ਵੱਲ ਧਿਆਨ ਦੁਆਇਆ ਤਾਂ ਉਸ ਹਸ ਕੇ ਆਖਿਆ ਸੀ, "ਇਹ ਹੀ ਤਾਂ ਹਾਂ ਮੈਨ ਦੀ ਅਸਲੀ ਨਸ਼ਾਨੀ ਏ ਅਤੇ ਇਸ ਨੂੰ ਬਹੁਤੀਆਂ ਔਰਤਾਂ ਪਸੰਦ ਕਰਦੀਆਂ ਨੇ।" ਉਸ ਦੀਆਂ ਅਖੀਆਂ ਛੋਟੀਆਂ ਸਨ ਜਿਨ੍ਹਾਂ ਵਿਚੋਂ ਕਿ ਚਮਕੀਲੀਆਂ ਕਿਰਣਾਂ ਫੁਟਦੀਆਂ ਰਹਿੰਦੀਆਂ ਸਨ। ਇਹ ਇਸ ਗੱਲ ਦੀ ਨਿਸ਼ਾਨੀ ਸੀ ਕਿ ਕੋਈ ਮਰਦ ਜਾਂ ਔਰਤ ਉਸ ਨੂੰ ਸਹਿਜੇ ਹੀ ਬੇਵਕੂਫ ਨਹੀਂ ਸੀ ਬਣਾ ਸਕਦਾ।

ਜਦੋਂ ਮੇਰਾ ਦੋਸਤ ਨਾਈਟ ਕਲਬ ਜਾਣ ਲਈ ਮੈਨੂੰ ਲੈਣ ਆਇਆ ਤਾਂ ਮੇਰੀ ਉਤਸਕਤਾ ਦੀ ਕੋਈ ਹੱਦ ਨਹੀਂ ਸੀ। ਮੈਂ ਇਹ ਜਾਣਦਾ ਸੀ ਕਿ ਜ਼ਿੰਦਗੀ ਵਿਚ ਪਹਿਲੀ ਵਾਰ ਮੈਨੂੰ "ਅਸਲੀ ਬੰਬਈ" ਦੇਖਣ ਦਾ ਮੌਕਾ ਮਿਲੇਗਾ, ਉਹ "ਅਸਲੀ ਬੰਬਈ" ਜਿਸ ਨੂੰ ਬੰਬਈ ਆਉਣ ਵਾਲੇ ਸਭ ਲੋਕ ਦੇਖਣਾ ਚਾਹੁੰਦੇ ਸਨ ਪਰ ਕਿਸੇ ਵਿਰਲੇ ਨੂੰ ਹੀ ਅਜਿਹਾ, ਮੌਕਾ ਮਿਲਦਾ ਸੀ। ਮੈਂ ਅਮੀਰਾਂ ਦੇ ਚੋਂਚਲਿਆਂ ਨੂੰ ਘ੍ਰਿਣਾ ਕਰਦਾ ਸਾਂ ਅਤੇ ਮੇਰਾ ਯਕੀਨ ਸੀ ਕਿ ਇਹ ਉਨ੍ਹਾਂ ਦੇ ਅਮਨੁਖੀ ਸੁਭਾ ਦਾ ਸੂਚਕ ਸੀ। ਮੈਂ ਉਸ ਬੱਚੇ ਵਾਂਗ ਮਹਿਸੂਸ ਕਰ ਰਿਹਾ ਸਾਂ ਜਿਸ ਨੂੰ ਕਿ ਇਕ ਵਚਿਤ੍ਰ ਮਸ਼ੀਨੀ ਖਡੌਣਾ ਮਿਲਣ ਦੀ ਆਸ ਹੋਵੇ। ਮੈਂ ਇਹ ਜਾਣਦਾ ਸਾਂ ਕਿ, ਨਾਈਟ ਕਲਬ ਵਿਚ ਕੰਮ ਕਰਨ ਵਾਲੀਆਂ ਬਹੁਤੀਆਂ ਕੁੜੀਆਂ ਅਮੀਰ ਸਾਊ ਘਰਾਣਿਆਂ ਦੀ ਜੰਮ ਪਲ ਸਨ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਬੰਬਈ ਦੇ ਰੋਮਾਂਚਕ ਜੀਵਨ ਦੀਆਂ ਪ੍ਰੇਰੀਆਂ ਅਤੇ ਸਸਤੀਆਂ ਫਿਲਮਾਂ ਦੇ ਪ੍ਰਭਾਵ ਅਧੀਨ ਬੰਬਈ ਆਉਂਦੀਆਂ ਸਨ। ਜਦੋਂ ਕੋਈ ਨੁਕ ਟਿਕਾਣਾ ਇਨ੍ਹਾਂ ਨੂੰ

ਨਹੀਂ ਸੀ ਮਿਲਦਾ ਤਾਂ ਇਹ ਨਾਈਟ ਕਲਬਾਂ ਵਾਲਿਆਂ ਦੇ ਹੱਥੀਂ ਚੜ੍ਹ ਜਾਂਦੀਆਂ ਸਨ। ਮੈਂ ਸੋਚਦਾ ਸਾਂ ਕਿ ਇਨ੍ਹਾਂ ਅਮੀਰ ਜ਼ਾਦੀਆਂ ਦਾ ਇਹ ਹਸ਼ਰ ਹੋਣਾ ਹੀ ਚਾਹੀਦਾ ਸੀ। ਮੇਰੀ ਇਸ ਖਾਹਸ਼ ਦਾ ਮੁਖ ਕਾਰਣ ਅਮੀਰ ਲੋਕਾਂ ਲਈ ਮੇਰੇ ਪਿਆਰ ਅਤੇ ਘ੍ਰਿਣਾ ਦਾ ਦ੍ਵੰਦ ਜ਼ੁਮੇਵਾਰ ਸੀ।

ਮੈਨੂੰ ਅਜਿਹੇ ਜੀਵਨ ਦਾ ਪਹਿਲਾਂ ਕੋਈ ਤਜਰਬਾ ਨਹੀਂ ਸੀ ਪਰ ਮੈਂ ਬੰਬਈ ਵਿਚ ਰਹਿਣ ਵਾਲੇ ਬਹੁਤ ਸਾਰੇ ਯਾਰਾਂ ਦੋਸਤਾਂ ਕੋਲੋਂ ਇਸ ਬਾਰੇ ਸੁਣਿਆ ਹੋਇਆ ਸੀ। ਇਨ੍ਹਾਂ ਵਿਚ ਅੰਮ੍ਰਿਤਸਰੀ ਲਾਲਿਆਂ ਦੇ ਉਹ ਮੁੰਡੇ ਸ਼ਾਮਲ ਸਨ ਜਿਹੜੇ ਬਿਉਪਾਰ ਦਾ ਪਜ ਲਗਾ ਕੇ, ਸਾਲ ਵਿਚ ਕਈ ਵਾਰ ਬੰਬਈ ਫੇਰੇ ਪਾਉਂਦੇ ਸਨ। ਕੁਝ ਸਰਕਾਰੀ ਮੁਲਾਜ਼ਮ ਸਨ ਜਿਨ੍ਹਾਂ ਨੂੰ ਆਪਣੀਆਂ ਮੁਸ਼ਕਲਾਂ ਦੇ ਕਾਰਣ ਤਫਰੀਹ ਚਾਹੀਦੀ ਸੀ ਅਤੇ ਜਿਹੜੇ ਬੰਬਈ ਵਿਖੇ ਆਪਣੇ ਆਪਣੇ ਟਬਰਾਂ ਤੋਂ ਵਖਰੇ ਰਹਿ ਰਹੇ ਸਨ। ਉਹ ਕਹਾਣੀਕਾਰ ਤੇ ਨਾਵਲਕਾਰ ਸਨ ਜਿੰਨ੍ਹਾਂ ਨੇ ਆਪਣੀਆਂ ਅਨੇਕ ਰਚਨਾਵਾਂ ਵਿਚ ਬੰਬਈ ਦੀਆਂ ਨਾਈਟ ਕਲਬਾਂ ਬਾਰੇ ਲਿਖਿਆ ਸੀ। ਮੇਰਾ ਇਹ ਵਿਚਾਰ ਸੀ ਕਿ ਨਾਈਟ ਕਲਬਾਂ ਦਾ ਨਜ਼ਾਰਾ ਮਾਣਨ ਲਈ ਕੇਵਲ ਉਹ ਨਜ਼ਰ ਬਾਜ਼ ਹੀ ਜਾਂਦੇ ਹਨ ਜਿਹੜੇ ਕਿ ਆਪਣੇ ਆਪਣੇ ਪਰਿਵਾਰਕ ਜੀਵਨ ਤੋਂ ਅਸੰਤੁਸ਼ਟ ਹਨ। ਮੇਰਾ ਦੋਸਤ ਮੈਨੂੰ ਇਕ ਅਜੀਬ ਨਾਈਟ ਕਲਬ ਵਿਚ ਲੈ ਗਿਆ ਜਿੱਥੇ ਕਿ ਮੁੱਲ ਤਾਰ ਕੇ ਸਭ ਕੁਝ ਮਿਲ ਸਕਦਾ ਸੀ। ਉਸ ਨੇ ਟੈਲੀਫੋਨ ਉਤੇ ਨਾਈਟ ਕਲਬ ਵਾਲਿਆਂ ਨਾਲ ਗੱਲ ਬਾਤ ਕਰ ਕੇ, ਇਕ ਡਬਲ ਬੈਡ ਰੂਮ ਬੁਕ ਕਰਾ ਲਿਆ ਸੀ ਅਤੇ ਇਸ ਬੈਡ ਰੂਮ ਦੀ ਬਾਲਕੋਨੀ ਤੋਂ ਸਮੁੰਦਰ ਦਾ ਨਜ਼ਾਰਾ ਕੀਤਾ ਜਾ ਸਕਦਾ ਸੀ। ਸਾਡੇ ਨਾਲ ਕੁਝ ਦੂਸਰੇ ਯਾਰ ਦੋਸਤ ਸ਼ਾਮਲ ਹੋ ਗਏ ਸਨ ਅਤੇ ਨਾਈਟ ਕਲਬ ਪਹੁੰਚਣ ਤਕ ਅਸੀਂ ਛੇ ਜਣੇ ਸਾਂ।

ਜਦੋਂ ਅਸੀਂ ਡਬਲ ਬੈਡ-ਰੂਮ ਵਾਲੀ ਬਾਲਕੋਨੀ ਵਿਚ ਟਿਕ ਕੇ ਬੈਠ ਗਏ ਤਾਂ ਸਾਡੇ ਕੁਰਸੀਆਂ ਉਪਰ ਬੈਠਣ ਉਪਰੰਤ ਹਾਲੇ ਵੀ ਕੁਝ ਕੁਰਸੀਆਂ ਖਾਲੀ ਸਨ। ਮੇਰੇ ਦੋਸਤ ਨੇ ਮੈਨੂੰ ਦਸਿਆ ਕਿ ਇਹ ਖਾਲੀ ਕੁਰਸੀਆਂ, ਉਨ੍ਹਾਂ ਕੁੜੀਆਂ ਲਈ ਸਨ, ਜਿਹੜੀਆਂ ਕਿ ਨਾਈਟ ਕਲਬ ਵਿਚ ਕੰਮ ਕਰਦੀਆਂ ਸਨ ਅਤੇ ਜਿੰਨ੍ਹਾਂ ਦਾ ਮੁਖ ਕੰਮ ਇਹ ਸੀ ਕਿ ਉਹ ਹਰ ਢੰਗ ਨਾਲ ਮਹਿਮਾਨਾਂ ਦਾ ਦਿਲ ਪ੍ਰਚਾਵਾ ਕਰਨ।

ਜਦੋਂ ਅਸੀਂ ਬੈਠ ਗਏ ਤਾਂ ਮੇਰਾ ਦੋਸਤ ਮੈਨੂੰ ਕਹਿਣ ਲੱਗਾ "ਨਰਿੰਦਰ ਤੂੰ ਇਸ ਮਿਹਫਲ ਦਾ ਮੁਖ ਮਹਿਮਾਨ ਏਂ, ਦਸ ਤੇਰੀ ਕੀ ਫਰਮਾਇਸ਼ ਏ।" ਮੈਂ ਹਾਲੇ ਕੋਈ ਉਤਰ ਨਹੀਂ ਸੀ ਦਿਤਾ ਕਿ ਮੇਰੀ ਪਿੱਠ ਪਿਛੇ ਖੜਾ, ਨਾਈਟ ਕਲਬ ਦਾ ਮੈਨੇਜਰ ਕਹਿਣ ਲੱਗਾ, "ਕਿਉਂ ਜੀ ਪੰਜਾਬਣ ਕੁੜੀ ਭੇਜੀਏ, ਬਸ ਇਕ ਦਮ ਵਧੀਆ ਮਾਲ।"

"ਨਾ ਬਈ ਨਾ, ਮੈਂ ਅੱਗੇ ਹੀ ਪੰਜਾਬਣ ਕੁੜੀਆਂ ਤੋਂ ਅਕੇਵੇਂ ਕਾਰਣ ਬੰਬਈ ਆਇਆ ਹਾਂ।" ਮੈ ਆਖਿਆ।

"ਵਾਹ ਯਾਰ ਤੂੰ ਚੰਗਾ ਮਰਦ ਏਂ, ਕੁੜੀਆਂ ਤੋਂ ਨਸਣਾ ਏਂ," ਮੇਰੇ ਦੋਸਤ ਨੇ ਆਖਿਆ ਤੇ ਮੈਂ ਕੁਝ ਸੁਕੜ ਕੇ ਰਹਿ ਗਿਆ। ਏਸੇ ਵੇਲੇ ਮੇਰੇ ਦੋਸਤ ਨੇ ਨਾਈਟ ਕਲਬ ਦੇ ਕਿਸੇ ਬੰਦੇ ਨੂੰ ਇਸ਼ਾਰੇ ਨਾਲ ਬੁਲਾਇਆ, ਉਹ ਸ਼ਾਇਦ ਉਸ ਆਦਮੀ ਨੂੰ ਪਹਿਲੇ ਤੋਂ ਹੀ ਜਾਣਦਾ ਸੀ।

"ਲੈ ਬਈ ਜੈ ਰਾਮ ਦਾਸਾ, ਅਸੀ ਤੇਰੇ ਲਈ ਖਾਸ ਮਹਿਮਾਨ ਲੈ ਕੇ ਆਏ ਹਾਂ। ਤੂੰ ਕੋਈ ਖਾਸ ਚੀਜ਼ ਪੇਸ਼ ਕਰ।" ਮੇਰੇ ਦੋਸਤ ਨੇ ਨਾਈਟ ਕਲਬ ਦੇ ਆਦਮੀ ਨੂੰ ਆਖਿਆ ਅਤੇ ਮੇਰੇ ਵੱਲ ਤਕਦਿਆਂ ਉਸ ਆਪਣੀ ਖੱਬੀ ਅੱਖ ਨੂੰ ਦਬਾ ਲਿਆ।

ਜੈ ਰਾਮ ਦਾਸ ਨੇ ਓਪਰੀ ਓਪਰੀ ਨਜ਼ਰ ਨਾਲ ਮੇਰੇ ਵੱਲ ਦੇਖਿਆ ਤੇ ਫੇਰ ਕਹਿਣ ਲੱਗਾ, "ਲਓ ਸਰਦਾਰ ਜੀ ਬਿਲਕੁਲ ਤਾਜ਼ਾ ਮਾਲ ਆਇਆ ਜੇ, ਦੋ ਬੰਗਾਲਨ ਕੁੜੀਆਂ ਜਿਨ੍ਹਾਂ ਨੇ ਕਲਕਤੇ ਦੀ ਪ੍ਰਸਿਧ ਨਾਈਟ ਕਲਬ ਵਿਚ ਤਹਿਲਕਾ ਮਚਾਇਆ ਸੀ। ਇਹ "ਰੰਗ ਸ਼ਾਲਾ" ਵਾਲੀਆਂ ਭਾਰਤ ਪ੍ਰਸਿਧ ਕੁੜੀਆਂ ਜੇ। ਮੈਂ ਕਿਸੇ ਤਰ੍ਹਾਂ ਉਨ੍ਹਾਂ ਨੂੰ ਏਥੇ ਲੈ ਆਇਆ ਹਾਂ"

"ਲੈ ਬਈ ਨਰਿੰਦਰ, ਹੁਣ ਬੰਗਾਲੀ ਰਸਗੁਲੇ ਚਖ ਲੈ।" ਮੇਰੇ ਦੋਸਤ ਨੇ ਹਸਦਿਆਂ ਹੋਇਆਂ ਆਖਿਆ।

ਹਾਸੇ ਮਖੌਲ ਦਾ ਵਾਤਾਵਰਣ ਬਣਿਆ ਸੀ ਪਰ ਮੈਂ ਤਾਂ ਬੰਬਈ ਦੀ ਉਸ ਨਾਈਟ ਕਲਬ ਦੀ ਕਿਸੇ ਖਾਸ ਚੀਜ਼ ਦਾ ਤਲਬਗਾਰ ਸਾਂ। ਮੈਨੂੰ ਕਲਕੱਤੇ ਦੀ ਨਾਈਟ ਕਲਬ "ਰੰਗ ਸ਼ਾਲਾ" ਵਾਲੀਆਂ ਦਾ ਵਰਣਨ ਓਪਰਾ ਓਪਰਾ ਲੱਗਾ ਤੇ ਮੈਂ ਮੂੰਹ ਪਾੜ ਕੇ ਆਖ ਦਿਤਾ, "ਬਈ ਮੈਨੂੰ ਤਾਂ ਬੰਬਈ

ਦਾ ਕੋਈ ਖਾਸ ਤੋਹਫਾ ਚਾਹੀਦਾ ਏ। ਗੁਜਰਾਤਨ ਹੋਵੇ, ਮਹਾਰਾਸ਼ਟ੍ਰਣ ਹੋਵੇ ਤੇ ਭਾਵੇਂ ਪਾਰਸੀ ਜਾਂ ਐਂਗਲੋਇੰਡੀਅਨ। ਬੰਬਈ ਦਾ ਖਾਲਸ ਮਾਲ ਖਰਾ ਮਾਲ।" ਮੈਂ ਇਹ ਸੁਣਿਆ ਹੋਇਆ ਸੀ ਕਿ ਬੰਬਈ ਵਾਲੀਆਂ ਚੰਗਾ ਹੁਲਾਰਾ ਦੇਂਦੀਆਂ ਹਨ।

ਮੇਰੇ ਦੋਸਤ ਨੇ ਸਾਰਿਆਂ ਲਈ ਸੋਡਾ ਵਿਸਕੀ ਦੇ ਡਬਲ ਪੈਗ ਲਿਆਉਣ ਲਈ ਆਖਿਆ ਅਤੇ ਇਸ ਗੱਲ ਦਾ ਵੀ ਇਸ਼ਾਰਾ ਕੀਤਾ ਕਿ ਮੇਰੀ ਪਸੰਦ ਦੀਆਂ ਕਾਲ ਗਰਲਜ਼ ਲਿਆਈਆ ਜਾਣ। ਵਾਪਸ ਜਾਣ ਤੋਂ ਪਹਿਲਾਂ ਨਾਈਟ ਕਲਬ ਦੇ ਆਦਮੀ ਨੇ ਸਾਰਿਆਂ ਨੂੰ ਝੁਕ ਕੇ ਸਲਾਮ ਕੀਤੀ।

ਹਾਲੇ ਉਹ ਗਿਆ ਹੀ ਸੀ ਕਿ ਤਿੰਨ ਜਵਾਂਣ ਕੁੜੀਆਂ ਆਣ ਪਹੁੰਚੀਆਂ। ਉਨ੍ਹਾਂ ਦੇ ਹਾਵ ਭਾਵ ਤੋਂ ਇਹ ਗੱਲ ਪ੍ਰਤਖ ਸੀ ਕਿ ਉਨ੍ਹਾਂ ਵਿਚੋਂ ਇਕ ਗੁਜਰਾਤਣ, ਦੂਸਰੀ ਮਹਾਰਸ਼ਟਰਣ ਅਤੇ ਤੀਸਰੀ ਐਂਗਲੋਇੰਡੀਣ ਹੈ। ਗੁਜਰਾਤਣ ਨੇ ਜਿਸ ਢੰਗ ਨਾਲ ਆਪਣੀ ਫੁੱਲਦਾਰ ਧੋਤੀ ਨੂੰ ਉਤਾਂਹ ਉੜੰਗਿਆ ਹੋਇਆ ਸੀ, ਉਸ ਦੇ ਕਾਰਣ ਉਸ ਦੀਆਂ ਸਡੌਲ ਪਿੰਨੀਆਂ ਸਾਰੀਆਂ ਦੀਆਂ ਸਾਰੀਆਂ ਨਜ਼ਰ ਆਉਂਦੀਆਂ ਸਨ। ਸਾਧਾਰਣ ਗੁਜਰਾਤੀ ਕੁੜੀਆਂ ਆਪਣੀ ਧੋਤੀ ਨੂੰ ਇਨਾਂ ਉਚਾ ਨਹੀਂ ਸਨ ਬੰਨ੍ਹਦੀਆਂ ਹੁੰਦੀਆਂ। ਮਹਾਰਸ਼ਟਰਣ ਕੁੜੀ ਪੂਰੀ ਤਰ੍ਹਾਂ ਹਾਰ ਸ਼ਿੰਗਾਰ ਨਾਲ ਲੈਸ ਸੀ ਅਤੇ ਇਹ ਉਸ ਦੇ ਗਹਿਣਿਆਂ ਦੀ ਬਹੁਪ੍ਰਕਾਰੀ ਭਿੰਨਤਾ ਸੀ, ਜਿਸ ਤੋਂ ਮੈਨੂੰ ਉਸ ਦੇ ਮਹਾਰਾਸ਼ਟ੍ਰਣ ਹੋਣ ਬਾਰੇ ਪਤਾ ਲੱਗਾ ਸੀ। ਇੰਨੀ ਗੱਲ ਜ਼ਰੂਰ ਸੀ ਕਿ ਉਸ ਦੀ ਚੋਲੀ ਦੇ ਪਿਛਲੇ ਬਟਨ ਕਰੀਬ ਕਰੀਬ ਸਾਰੇ ਹੀ ਖੁਲ੍ਹੇ ਸਨ ਅਤੇ ਉਸ ਦੀਆਂ ਭਾਰੀਆਂ ਛਾਤੀਆਂ ਉਪਰ ਉਲਰ ਪੈਂਦੀਆਂ ਸਨ। ਆਮ ਮਹਾਰਾਸ਼ਟ੍ਰਣ ਕੁੜੀਆਂ ਬੜੀਆਂ ਸ਼ਰਮਾਕਲ ਹੁੰਦੀਆਂ ਹਨ ਪਰ ਉਹ ਕੁੜੀ ਤਾ ਬੜੀ ਬੇਬਾਕ ਨਜ਼ਰ ਆਉਂਦੀ ਸੀ। ਕੇਵਲ ਐਂਗਲੋ ਇੰਡੀਅਨ ਕੁੜੀ ਹੀ ਪ੍ਰਭਾਵਕ ਐਂਗਲੋ ਇੰਡੀਅਨ ਕੁੜੀਆਂ ਵਾਂਗ ਇਕ ਵੇਲੇ ਚੁਸਤ ਤੇ ਸ਼ਰਮਾਕਲ ਨਜ਼ਰ ਆਉਂਦੀ ਸੀ।

ਤਿੰਨਾਂ ਕੁੜੀਆਂ ਨੇ ਖੂਬ ਹਾਰ ਸ਼ਿੰਗਾਰ ਕੀਤਾ ਹੋਇਆ ਸੀ। ਐਂਗਲੋ ਇੰਡੀਅਨ ਕੁੜੀ ਦਾ ਸੁਰਖੀ ਪਾਉਡਰ ਬਹੁਤ ਉਘੜਵਾਂ ਸੀ। ਸਾਰੀਆਂ ਕੁੜੀਆਂ ਦੇ ਸਲੀਪਰ ਤੇ ਗੁਰਗਾਬੀਆਂ ਉਚੀਆਂ ਅੱਡੀਆਂ ਵਾਲੇ ਸਨ। ਉਨ੍ਹਾਂ ਦੇ ਚਿਹਰਿਆਂ ਉਤੇ ਮੁਸਕਨੀ ਖੇਡ ਰਿਹੀ ਸੀ ਪਰ ਇਹ ਮੁਸਕਨੀ ਕੁਝ ਦੱਬੀ ਘੁਟੀ ਲਗਦੀ ਸੀ। ਇੰਜ ਲਗਦਾ ਸੀ ਕਿ ਹਰ ਇਕ ਕੁੜੀ ਨੇ ਆਪਣੇ ਆਪਣੇ ਸਾਥੀ ਦੀ ਝਟ ਹੀ ਚੋਣ ਕਰ ਲਈ ਸੀ। ਐਂਗਲੋ ਇੰਡੀਅਨ ਕੁੜੀ ਮੇਰੇ ਨਾਲ ਦੀ ਖਾਲੀ ਕੁਰਸੀ ਤੇ ਆਂ ਬੈਠੀ ਅਤੇ ਬਾਕੀ ਦੀਆਂ ਦੋਵੇਂ ਕੁੜੀਆਂ ਮੇਰੇ ਮੇਜ਼ਬਾਨ ਦੇ ਆਸ ਪਾਸ ਬੈਠ ਗਈਆਂ। ਹਰ ਇਕ ਨੇ ਆਪੇ ਹੀ ਆਪਣਾ ਨਾਂ ਸਾਨੂੰ ਦਸ ਦਿਤਾ ਅਤੇ ਮੇਰੇ ਸਾਥੀ ਨੇ ਵਿਸਕੀ ਨਾਲ ਗਲਾਸ ਭਰਨੇ ਸ਼ੁਰੂ ਕਰ ਦਿਤੇ। ਇਸ ਤਰ੍ਹਾਂ ਮੇਰਾ ਸਾਥੀ ਮਰਾਠੀ ਵਿਚ ਆਪਣੇ ਆਸ ਪਾਸ ਬੈਠੀਆਂ ਦੋਹਾਂ ਕੁੜੀਆਂ ਨੂੰ ਕਹਿਣ ਲੱਗਾ ਕਿ ਉਹ ਮੇਰੀ ਉਚੇਚੀ ਖਾਤਰਦਾਰੀ ਕਰਨ ਕਿਉਂਕਿ ਸਾਰੀ ਮੇਹਫਲ ਮੇਰੇ ਲਈ ਹੀ ਲਗਾਈ ਗਈ ਸੀ। ਐਂਗਲੋ ਇੰਡੀਅਨ ਕੁੜੀ ਸ਼ਾਇਦ ਮਾੜੀ ਮੋਟੀ ਮਰਾਠੀ ਜਾਣਦੀ ਸੀ, ਉਸ ਚਿੜ ਕੇ ਆਖਿਆ 'ਨਹੀਂ ਨਹੀਂ ਇਹ ਮੇਰਾ ਏ", ਅਤੇ ਫੇਰ ਮੇਰੇ ਵੱਲ ਤਕ ਕੇ ਕਹਿਣ ਲਗੀ, "ਕਿਉਂ ਮੈਂ ਤੈਨੂੰ ਪਸੰਦ ਹਾਂ" ਮੈਂ ਉਸ ਵੱਲ ਤਕ ਕੇ ਹਸਣ ਲਗ ਪਿਆ ਅਤੇ ਮੇਰੇ ਹਸਣ ਨੂੰ ਉਸ ਆਪਣੀ ਪ੍ਰਸੰਸਾ ਸਮਝ ਲਿਆ। ਜਦੋਂ ਮੈਂ ਵਿਸਕੀ ਸੋਡਾ ਦੇ ਗਲਾਸਾਂ ਨੂੰ ਮੇਜ਼ ਉਤੇ ਟਿਕਿਆ ਦੇਖ ਰਿਹਾ ਸਾਂ ਤਾਂ ਮੇਰੀ ਸਾਰਿਆਂ ਤੋਂ ਵੱਡੀ ਚਿੰਤਾ ਇਹ ਸੀ ਕਿ ਮੈਂ ਘਟ ਤੋਂ ਘੱਟ ਸ਼ਰਾਬ ਪੀਵਾਂ। ਇਹ ਮੇਰੀ ਬਦਕਿਸਮਤੀ ਸੀ ਕਿ ਮੈਨੂੰ ਝਟ ਹੀ ਨਸ਼ਾ ਚੜ੍ਹ ਜਾਂਦਾ ਸੀ ਅਤੇ ਮੈਂ ਨਾਈਟ ਕਲਬ ਦੇ ਸਾਰੇ ਤਮਾਸ਼ੇ ਨੂੰ ਚੇਤੰਨ ਹੋ ਕੇ ਦੇਖਣਾ ਚਾਹੁੰਦਾ ਸਾਂ ਤਾਂ ਜੋ ਮੇਰੇ ਸਿਮ੍ਰਤੀ ਪਟਲ ਉਤੇ ਇਸ ਦੀ ਇਕ ਅਮਿਟ ਛਾਪ ਕਾਇਮ ਰਹੇ।

ਬਾਕੀਆਂ ਨੇ ਜਦੋਂ ਵਿਸਕੀ ਸੋਡੇ ਦੇ ਆਪਣੇ ਆਪਣੇ ਗਲਾਸ ਮੁਕਾ ਵੀ ਲਏ ਤਾਂ ਮੈਂ ਆਪਣੇ ਅੱਗੇ ਧਰੇ ਗਲਾਸ ਨੂੰ ਹਾਲੇ ਛੋਹਿਆ ਵੀ ਨਹੀਂ ਸੀ। ਮੇਰੇ ਨਜ਼ਦੀਕ ਬੈਠੀ ਐਂਗਲੋ ਇੰਡੀਅਨ ਕੁੜੀ ਨੇ ਚੋਰ ਅਖਾਂ ਨਾਲ ਮੇਰੇ ਵੱਲ ਦੇਖਿਆ ਜਿਵੇਂ ਕਹਿ ਰਹੀ ਹੋਵ, "ਤੂੰ ਚੰਗਾ ਮਰਦ ਏਂ, ਕਿਤੇ ਵੇਲੇ ਸਿਰ ਮੈਨੂੰ ਨਾਉਮੀਦ ਨਾ ਕਰੀਂ।" ਮੈਂ ਉਸ ਦੇ ਭਾਵ ਨੂੰ ਤਾੜ ਗਿਆ ਸਾਂ ਅਤੇ ਮੈਂ ਆਪਣੀ ਗਰਦਨ ਨੂੰ ਉੱਚਾ ਕਰਦਿਆਂ ਉਭਾਰਿਆਂ ਜਿਵੇਂ ਇਸ ਤਰ੍ਹਾਂ ਮੈਂ ਉਸ

ਨੂੰ ਆਪਣੇ ਮਰਦਾਊਪੁਣੇ ਬਾਰੇ ਕੁਝ ਤਸੱਲੀ ਕਰਾਉਣਾ ਚਾਹੁੰਦਾ ਹੋਵਾਂ। ਮੈਂ ਹਾਲੇ ਇਸ ਤਰ੍ਹਾਂ ਕੀਤਾ ਹੀ ਸੀ, ਕਿ ਮੇਰਾ ਦੋਸਤ ਆਪਣੇ ਗਲਾਸ ਨੂੰ ਮੁਕਾ ਕੇ ਮੇਰੇ ਵੱਲ ਤਕਦਾ ਹੋਇਆ ਕਹਿਣ ਲਗਾ, "ਉਏ ਨਰਿੰਦਰਾ ਸਹੁਰੀ ਦਿਆ, ਅਜ ਤੈਨੂੰ ਕੀ ਹੋ ਗਿਆ ਏ, ਅੱਗੇ ਤਾਂ ਚਾਰ ਯਾਰੀ ਵਿਚ ਬੈਠਾ ਤੂੰ, ਵਿਸਕੀ ਦੇ ਕਈ ਗਲਾਸ ਨੀਟ ਹੀ ਚਾੜ੍ਹ ਜਾਣਾ ਸੈਂ" ਮੈਂ ਅੱਗੋਂ ਬਿਲਾ ਝਿਜਕ ਆਖਿਆ, ਯਾਰਾ ਅੱਜ ਸਵੇਰੇ ਕੁਝ ਹੈਂਗ ਓਵਰ ਜਿਹਾ ਸੀ। ਅੱਜ ਮੈਂ ਘਰੋਂ ਹੀ ਬਹੁਤੀ ਚਾੜ੍ਹ ਕੇ ਆਇਆ ਸਾਂ, ਏਸੇ ਕਾਰਣ ਮੈਨੂੰ ਆਪਣੀ ਮਨ ਮਰਜੀ ਨਾਲ ਚੁਸਕੀਆਂ ਭਰਨ ਦਿਉ।" ਮੇਰਾ ਦੋਸਤ ਤੇ ਬਾਕੀ ਦੇ ਸਾਥੀ ਸੰਭਵ ਮੌਜ ਮੇਲੇ ਦੇ ਖਿਆਲ ਵਿਚ ਇੰਨੇ ਮਸਤ ਸਨ ਕਿ ਉਨ੍ਹਾਂ ਮੈਨੂੰ ਮੇਰੇ ਹਾਲ ਤੇ ਛੱਡਣਾ ਕਬੂਲ ਕਰ ਲਿਆ ਬੰਬਈ ਵਾਲਾ ਮੇਰਾ ਮੇਜ਼ਬਾਨ ਹਮੇਸ਼ਾ ਹੀ ਅਜਿਹੀ ਸੰਗਤ ਵਿਚ ਰਹਿੰਦਾ ਸੀ, ਜਿਸ ਵਿਚ ਸ਼ਰਾਬ ਨੋਸ਼ੀ ਨਿੱਤ ਦਾ ਸ਼ੁਗਲ ਸੀ। ਉਸ ਇਕ ਦੇ ਬਾਦ ਦੂਸਰਾ ਪੈਗ ਚਾੜ੍ਹਨਾ ਸ਼ੁਰੂ ਕਰ ਦਿਤਾ ਤੇ ਨਾਈਟ ਕਲਬ ਵਾਲੀਆਂ ਕੁੜੀਆਂ ਤਾਂ ਬਸ ਕਮਾਲ ਹੀ ਕਰ ਰਹੀਆਂ ਸਨ। ਮੈਂ ਨਜ਼ਰ ਵੱਟੂ ਬਣਿਆ ਹੋਇਆ ਸਾਰਿਆਂ ਵੱਲ ਦੇਖ ਰਿਹਾਂ ਸਾਂ। ਨਾਇਟ ਕਲਬ ਦੀਆਂ ਕੁੜੀਆਂ ਕਣਅਖੀਆਂ ਨਾਲ ਮੇਰੇ ਵੱਲ ਦੇਖਦੀਆਂ ਬੁਲ੍ਹੀਆਂ ਵਿਚ ਹੱਸ ਰਹੀਆਂ ਸਨ। ਫੇਰ ਇਕ ਦਮ ਮੇਰਾ ਮੇਜ਼ਬਾਨ ਮੈਨੂੰ ਕਹਿਣ ਲਗਾ, 'ਜੇਕਰ ਤੂੰ ਇਹ ਕੜ੍ਹੀ ਘੋਲਣੀ ਸੀ ਤਾਂ ਫੇਰ ਤੂੰ ਮੈਨੂੰ ਏਥੇ ਆਉਣ ਤੇ ਮਜਬੂਰ ਕਿਉਂ ਕੀਤਾ ਸੀ। ਹੁਣ ਰੰਗ ਵਿੱਚ ਭੰਗ ਨਾ ਪਾ ਤੇ ਚੁਪ ਕਰ ਕੇ ਸਾਰਿਆਂ ਦਾ ਸਾਥ ਦੇਹ।"

ਜਦੋਂ ਸਭ ਲੋਕ ਇਸ ਤਰ੍ਹਾਂ ਮੇਰੇ ਮਗਰ ਪੈ ਗਏ ਤਾਂ ਮੈਂ ਆਪਣੇ ਅੰਦਰ ਹੀ ਅੰਦਰ ਝੂਰਨ ਲਗਾ ਅਤੇ ਬੜੀ ਤੇਜ ਰਫਤਾਰੀ ਨਾਲ ਮੈਨੂੰ ਉਹ ਸਾਰੀਆਂ ਘਟਨਾਵਾਂ ਯਾਦ ਆਉਣ ਲਗ ਪਈਆਂ, ਜਦੋਂ ਮੈਂ ਆਪਣੇ ਸਾਥੀਆਂ ਦੀ ਸੰਗਤ ਵਿਚ ਸ਼ਰਾਬ ਨੋਸ਼ੀ ਕੀਤੀ ਸੀ। ਮੈਨੂੰ ਆਪਣ ਯਾਰ ਚਿਤ੍ਰਕਾਰ ਹਰਬੰਸ ਲਾਲ ਯਾਦ ਆ ਗਿਆ, ਜਿਸ ਨੂੰ ਕਿ ਚੁਸਕੀ ਭਰਦਿਆਂ ਹੀ ਸ਼ਰਾਬ ਦਾ ਤਿੱਖਾ ਨਸ਼ਾ ਹੋ ਜਾਂਦਾ ਸੀ। ਮੈਨੂੰ ਏਸ ਵਾਰ ਆਪਣੇ ਚਿੱਤ੍ਰਕਾਰ ਦੋਸਤ ਨੂੰ ਨਸ਼ੇ ਦੀ ਹਾਲਤ ਵਿਚ ਦੇਖਣ ਦਾ ਮੌਕਾ ਮਿਲਿਆ ਸੀ ਅਤੇ ਮੈਂ ਨਾਟਕੀ ਰੂਪ ਵਿਚ ਆਪਣੇ ਅਭਿਨੈ ਦੁਆਰਾ, ਹਰਬੰਸ ਲਾਲ ਦੇ ਤਜਰਬੇ ਨੂੰ ਦੁਹਰਾਉਣਾ ਚਾਹੁੰਣਾ ਸਾਂ। ਭਾਵੇਂ ਮੈਂ ਸਹਿਜੇ ਹੀ ਕਈ ਪੈਗਾਂ ਦੇ ਨਸ਼ੇ ਨੂੰ ਸਹਾਰ ਸਕਦਾ ਸਾਂ ਪਰ ਮੇਰੀ ਨੀਯਤ ਇਹ ਸੀ ਕਿ ਪੂਰੇ ਪੂਰੇ ਹੋਸ਼ ਹਵਾਸ ਵਿਚ ਦੂਸਰਿਆਂ ਦਾ ਮੌਜੂ ਬਣਦਾ ਦੇਖਾਂ।

ਮੈਂ ਝਟ ਪਟ ਹੀ ਇਕ ਅੱਧੇ ਪੈਗ ਪਿੱਛੋਂ ਹੀ ਆਪਣੀਆਂ ਅਖਾਂ ਨੂੰ ਪੁਤਲੀ ਦੀਆਂ ਅਖਾਂ ਵਾਂਗ ਮਟਕਾਉਣ ਲਗ ਪਿਆ। ਮੈਂ ਇਸ ਕਰਮ ਨੂੰ ਨਿਰੰਤਰ ਜਾਰੀ ਰਖਿਆ। ਮੇਰਾ ਦੋਸਤ, ਉਸ ਨਾਲ ਆਏ ਸਾਥੀ ਅਤੇ ਤਿੰਨੇ ਕੁੜੀਆਂ ਇਕ ਦੂਜਰੇ ਵਲ ਚੋਰ ਅਖਾਂ ਨਾਲ ਵੇਖਦੇ ਸਨ। ਇਹ ਗਲ ਸਾਫ ਸੀ ਕਿ ਉਨ੍ਹਾਂ ਦੇ ਵਿਚਾਰ ਮੁਤਾਬਕ, ਮੈਂ ਬਸ ਇਕੋ ਪੈਗ ਵਿਚ ਆਊਟ ਹੋ ਗਿਆ ਸਾਂ। ਜਦੋਂ ਮੈਂ ਆਪਣੀਆਂ ਅਖਾਂ ਮੀਚਦਾ ਹੋਇਆ, ਆਪਣੇ ਆਨਿਆਂ ਨੂੰ ਇਧਰ ਉਧਰ ਘੁੰਮਾਉਂਦਾਂ ਸਾਂ ਤਾਂ ਮੇਰੇ ਸਾਥੀ ਖੀਂ ਖੀਂ ਕਰ ਹਸਣ ਲਗ ਜਾਂਦੇ ਸਨ।

ਮੇਰਾ ਦੋਸਤ ਲਹਿਰੀ ਬੰਦਾ ਸੀ ਅਤੇ ਮੈਂ ਕਈ ਸਾਲਾਂ ਪਿਛੋਂ ਉਸ ਨੂੰ ਮਿਲਣ ਬੰਬਈ ਆਇਆ ਸਾਂ। ਜ਼ਾਹਰਾ ਰੂਪ ਵਿਚ ਤਾਂ ਉਹ ਮੇਰੇ ਵਤੀਰੇ ਬਾਰੇ ਪ੍ਰੇਸ਼ਾਨ ਸੀ ਪਰ ਵਾਤਾਵਰਣ ਹੀ ਕੁਝ ਅਜਿਹਾ ਸੀ ਕਿ ਉਹ ਬਾਕੀ ਦੇ ਲੋਕਾਂ ਨਾਲ ਰਲ ਕੇ ਮੇਰਾ ਮਕੂ ਠਪਣ ਲਈ ਰਜ਼ਾਮੰਦ ਹੋ ਗਿਆ। ਉਸ ਵਿਸਕੀ ਦਾ ਇਕ ਹੋਰ ਪੈਗ ਭਰ ਕੇ, ਐਂਗਲੋ ਇੰਡੀਅਨ ਕੁੜੀ ਨੂੰ ਫੜਾਇਆ ਤਾਂ ਜੋ ਮੈਨੂੰ ਪੇਸ਼ ਕੀਤਾ ਜਾਏ। ਲਿੱਲੀ ਨਾਂ ਦੀ ਐਂਗਲੋ ਇੰਡੀਅਨ ਕੁੜੀ ਮੇਰੀ ਬਗਲ ਵਿਚ ਬੈਠੀ ਹੋਈ ਸੀ। ਉਸ ਆਪਣੇ ਹੱਥ ਨੂੰ ਵਧਾਉਂਦਿਆਂ, ਮੇਰੀਆਂ ਅਖੀਆਂ ਵਿਚ ਅਖੀਆਂ ਪਾ ਕੇ ਮੁਸਕਾਉਂਦਿਆਂ ਆਖਿਆ, ਡੂ-ਡ੍ਰਿੰਕ ਇੱਟ ਡੀਅਰ, ਡੂ ਨੋਟ ਡਿਸਪੁਇੰਟ ਮੀ (ਇਹ ਪੈਗ ਜ਼ਰੂਰ ਪੀ ਲੈ ਮੇਰੇ ਪਿਆਰੇ ਮੈਨੂੰ ਨਿਰਾਸ਼ ਨਾ ਕਰੀਂ।) ਮੈਂ ਪੈਗ ਫੜ ਲਿਆ ਅਤੇ ਮੇਰੇ ਕੰਬਦੇ ਹੱਥਾਂ ਵਿਚੋਂ ਪੈਗ ਦੀ ਥੋੜੀ ਵਿਸਕੀ ਡਲ੍ਹ ਗਈ। ਮੇਰੇ ਮਿਤਰ ਨੇ ਹੱਸਦਿਆਂ ਮੇਰੇ ਵੱਲ ਤਕਦਿਆਂ ਆਪਣੀ ਮਹਾ ਸੁੰਦਰ ਸਾਥਣ ਨੂੰ ਆਖਿਆ, 'ਜੇਕਰ ਇਸ ਨੇ ਪੂਰਾ ਪੈਗ ਚੜ੍ਹਾ ਲਿਆ ਤਾਂ ਫੇਰ ਇਹ ਬਾਂਦਰ ਵਾਂਗ ਨਚਣਾ ਸ਼ੁਰੂ ਕਰ ਦੇਵੇਗਾ। ਬੜਾ ਬੜਾ ਤਮਾਸ਼ਾ ਹਊ।"

ਮੈਂ ਇਕ ਦਮ ਆਪਣੀ ਥਾਂ ਤੋਂ ਉਠ ਬੈਠਾ, ਤੇ ਪੈਗ ਇਕੋ ਡੀਕੇ ਚੜ੍ਹਾਨ ਤੋਂ ਪਹਿਲਾਂ ਲਿੱਲੀ ਨੂੰ ਆਖਿਆ, "ਲਿੱਲੀ ਦੀਆਂ ਨਸ਼ੀਲੀਆਂ ਅਖਾਂ ਨੂੰ।" ਮੈਂ ਜਾਣ-ਬੁਝ ਕੇ ਲਿੱਲੀ ਦੀਆਂ ਅਖਾਂ ਦਾ ਜਾਮ ਤਜਵੀਜ਼ ਕੀਤਾ ਸੀ ਤਾਂ ਜੋ ਆਪਣੇ ਸਾਥੀ ਦੇ ਲਿੱਲੀ ਪ੍ਰਤਿ ਰੁਖ ਤੋਂ ਜਾਣੂ ਹੋ ਸਕਾਂ। ਉਸ ਮੇਰਾ ਕੋਈ ਹੁੰਗਾਰਾ ਨਾ ਭਰਿਆ। ਬਸ ਆਪਣੀ ਮਹਾਰਾਸ਼ਟ੍ਰਣ ਸਾਥਣ ਸੁਨੀਤਾ ਦੇ ਮੋਢਿਆਂ ਤੇ ਸੱਜੇ ਹੱਥ ਉਤੇ ਆਪਣੇ ਖਬੇ ਹੱਥ ਨੂੰ ਮਾਰਦਿਆਂ, ਆਪਣੇ ਸੱਜੇ ਹੱਥ ਵਿਚ ਫੜੇ ਗਲਾਸ ਨੂੰ ਮੂੰਹ ਵਿਚ ਉਲੱਟਣ ਦੀ ਕੀਤੀ।

ਇਸ ਪਿੱਛੋਂ ਉਹ ਕੋਈ ਗੱਲ ਕਰਨ ਹੀ ਲਗਾ ਸੀ ਕਿ ਉਸ ਨੂੰ ਅੱਥੂ ਆ ਗਿਆ ਅਤੇ ਉਸ ਦੀਆਂ ਅਖਾਂ ਵਿਚੋਂ ਪਾਣੀ ਵਗਣ ਲੱਗ ਪਿਆ। ਸ਼ਰਾਬ ਨੋਸ਼ੀ ਅਛੇ ਅਛੇ ਬੰਦਿਆਂ ਨੂੰ ਅਛੇ ਢੰਗ ਨਾਲ ਪ੍ਰਭਾਵਤ ਕਰਦੀ ਹੈ। ਮੇਰੇ ਦੋਸਤ ਨੇ ਜਦੋਂ ਜ਼ਰਾ ਬਹੁਤੀ ਚਾੜ੍ਹ ਲਈ ਤਾਂ ਉਹ ਬੰਬਈ ਵਾਸ ਦੇ ਸਮੇਂ ਪੇਸ਼ਾਵਰ ਔਰਤਾਂ ਨਾਲ ਆਪਣੀਆਂ ਮਿਲਣੀਆਂ ਅਤੇ ਵਿਆਹਤ ਜਾਂ ਕੁਆਰੀਆਂ ਔਰਤਾਂ ਨਾਲ ਆਪਣੇ ਮੇਲ ਮਿਲਾਪ ਦਾ ਜ਼ਿਕਰ ਕਰਨ ਲਗ ਪਿਆ। ਇਸ ਤਰ੍ਹਾਂ ਕਰਦਾ ਹੋਇਆ ਉਹ ਅਸਚਰਜ ਢੰਗ ਨਾਲ ਭਾਰਤੀ ਇਸਤ੍ਰੀ ਦੇ ਦੁਖੜਿਆਂ ਦਾ ਜ਼ਿਕਰ ਛੇੜ ਬੈਠਾ। ਕਿਸ ਤਰ੍ਹਾਂ ਬੰਬਈ ਦੇ ਵੱਡੇ ਵੱਡੇ ਸੇਠ ਤੇ ਸਿੱਟੇ ਬਾਜ਼, ਇਸ ਗੱਲ ਨੂੰ ਭੁਲ ਕੇ ਕਿ ਉਹ ਬੁੱਢੇ ਸਨ, ਫਿਲਮੀ ਹੀਰੋਇਨਾਂ ਪਿਛੇ ਦਿਲਜਣ ਹੋਏ ਫਿਰਦੇ ਸਨ। ਇਨ੍ਹਾਂ ਵਿਚੋਂ ਕਈਆਂ ਦੀ ਮਾਨਸਿਕ ਦਸ਼ਾ, ਉਸ ਦੁਹਾਜੂ ਵਾਂਗ ਹੁੰਦੀ ਸੀ, ਜਿਸ ਨੂੰ ਇਸ ਗੱਲ ਦਾ ਕਦੇ ਵੀ ਯਕੀਨ ਨਹੀਂ ਹੁੰਦਾ ਕਿ ਕੀ ਉਸ ਦੀ ਦੂਸਰੀ, ਤੀਸਰੀ ਜਾਂ ਚੋਥੀ ਔਰਤ, ਉਸ ਦੀ ਹਾਣ ਦੀ ਨਾ ਹੋਣ ਕਾਰਣ ਕਿਤੇ ਬੁਕਲ ਵਿਚ ਯਾਰ ਤਾਂ ਨਹੀਂ ਹੰਢਾ ਰਹੀ। ਉਸ ਨੇ ਇਸ ਸੰਦਰਭ ਵਿਚ ਆਪਣੇ ਅਨੇਕ ਮਾਰਕਿਆਂ ਦਾ ਜ਼ਿਕਰ ਕੀਤਾ।

ਮੈਂ ਸੋਚਦਾ ਸਾਂ ਕਿ ਇਸ ਤਰ੍ਹਾਂ ਦੀ ਭਾਸ਼ਨ ਬਾਜ਼ੀ ਤਾਂ ਮੇਰਾ ਦੋਸਤ ਬਹੁਤ ਵਾਰ ਪਹਿਲਾਂ ਵੀ ਆਪਣੇ ਫਲੈਟ ਵਿਖੇ ਕਰ ਚੁਕਾ ਸੀ ਅਤੇ ਮੈਂ ਨਾਈਟ ਕਲਬ ਵਿਚ ਉਸ ਦੇ ਭਾਸ਼ਨ ਨੂੰ ਸੁਣਨ ਵਾਸਤੇ ਨਹੀਂ ਸਾਂ ਆਇਆ। ਮੇਰੇ ਦੋਸਤ ਨੇ ਵੀ ਸ਼ਾਇਦ ਮੇਰੇ ਦਿਲੀ ਭਾਵਾਂ ਨੂੰ ਤਾੜ ਲਿਆ ਸੀ ਤੇ ਉਹ ਗੱਲਾਂ ਕਰਦਾ ਕਰਦਾ ਇਕ ਦਮ ਰੁੱਕ ਗਿਆ। ਏਥੋਂ ਤਕ ਕਿ ਉਸ ਨੇ ਆਪਣੇ ਅਖੀਰਲੇ ਵਾਕ ਨੂੰ ਵੀ ਪੂਰਿਆਂ ਨਾ ਕੀਤਾ ਅਤੇ ਕਹਿਣ ਲਗਾ, ਮੈਂ ਜਦੋਂ ਵੀ ਬਹੁਤੀ ਵ੍ਹਿਸਕੀ ਪੀ ਲੈਂਦਾ ਹਾਂ, ਹਮੇਸ਼ਾ ਹੀ ਲੋਰ ਵਿਚ ਆ ਜਾਂਦਾ ਹਾਂ। ਮੈਂ ਉਸ ਦਾ ਦਿਲ ਰਖਣ ਲਈ ਕਿਸੇ ਪ੍ਰਕਾਰ ਦੀ ਨਾਰਾਜ਼ਗੀ ਪ੍ਰਗਟ ਨਾ ਕੀਤੀ ਤੇ ਚੁਪ ਰਿਹਾ।

ਜਦੋਂ ਇਸ ਤਰ੍ਹਾਂ ਦਾਂ ਅੜਿਕਾ ਜਿਹਾ ਪਿਆ ਹੋਇਆ ਸੀ ਤਾਂ ਮੇਰੇ ਦੋਸਤ ਨੇ ਇਸ਼ਾਰੇ ਨਾਲ ਨਾਈਟ ਕਲਬ ਦੇ ਬੇਆਇ ਨੂੰ ਬੁਲਾਇਆ ਤੇ ਉਸ ਨੂੰ ਆਖਿਆ, "ਮੈਂ ਕਿਹਾ ਪਤਾ ਤਾਂ ਕਰੀਂ ਕੋਈ ਡਬਲ ਕੇਬਿਨ ਖਾਲੀ ਏ।" ਬੋਏ ਨੇ ਆਖਿਆ ਕਿ ਉਹ ਪਤਾ ਕਰ ਕੇ ਦਸਦਾ ਹੈ ਅਤੇ ਉਸ ਦੇ ਜਾਣ ਪਿਛੋਂ ਮੇਰੇ ਦੋਸਤ ਨੇ ਡਬਲ ਕੇਬਿਨਾਂ ਬਾਰੇ ਆਪਣੇ ਪਿਛਲੇ ਤਜਰਬੇ ਬਿਆਨ ਕਰਨੇ ਸ਼ੁਰੂ ਕਰ ਦਿਤੇ। ਕਿਸ ਤਰ੍ਹਾਂ ਇਹ ਲੰਮੂਤਰਾ ਵੱਡਾ ਕਮਰਾ ਹੁੰਦਾ ਹੈ, ਜਿਸ ਦੀਆਂ ਚਾਰੇ ਦੀਵਾਰਾਂ ਉਤੇ ਆਦਮ ਕਦ ਸ਼ੀਸ਼ੇ ਲੱਗੇ ਹੁੰਦੇ ਨੇ ਅਤੇ ਜਿਨ੍ਹਾਂ ਵਿਚ ਟਿਊਬ ਲਾਇਟਸ ਸ਼ੀਸ਼ਿਆਂ ਦੀਆਂ ਚਮਕੀਲੀਆਂ ਟੁਕੜੀਆਂ ਨੂੰ ਹੋਰ ਵੀ ਚਮਕੀਲਾ ਦਰਸਾਂਦੀਆਂ ਹਨ।

ਜਦੋਂ ਉਹ ਇਸ ਤਰ੍ਹਾਂ ਗੱਲਾਂ ਕਰ ਰਿਹਾ ਸੀ ਤਾਂ ਉਸ ਦੀਆਂ ਅਖੀਆਂ ਵਿਚੋਂ ਹੰਝੂ ਵਗ ਰਿਹੇ ਸਨ। ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ ਕਿ ਇਹ ਹੰਝੂ ਖੁਸ਼ੀ ਦੇ ਸਨ ਜਾਂ ਗਮੀ ਦੇ। ਖੁਸ਼ੀ ਇਸ ਗੱਲ ਲਈ ਕਿ ਬੰਬਈ ਵਿਖੇ ਆ ਕੇ, ਉਸ ਨੇ ਆਪਣੀ ਜ਼ਿੰਦਗੀ ਦੇ ਅਤਿ ਰੋਮਾਂਚਕ ਦਿਨ ਬਿਤਾਏ ਸਨ ਅਤੇ ਗਮ ਇਸ ਲਈ ਕਿ ਹੁਣ ਉਸ ਦੀ ਦੁਨੀਆਂ ਬਦਲ ਚੁਕੀ ਸੀ। ਕੋਈ ਵਾਸਤਵਿਕ ਅਨੰਦ ਹੁਲਾਰਾ ਮਾਣਨ ਦੀ ਥਾਂ, ਹੁਣ ਉਹ ਇਸ ਗੱਲ ਲਈ ਮਜਬੂਰ ਹੋ ਗਿਆ ਸੀ ਕਿ ਉਹ ਨਾਈਟ ਕਲਬ ਦੀਆਂ ਚੁਗਲੀਆਂ ਹੋਈਆਂ ਔਰਤਾਂ ਦੇ ਪੇਟੀਕੋਟ ਸੁੰਘਦਾ ਫਿਰਦਾ ਸੀ।

ਜਦੋਂ ਮੈਂ ਉਸ ਦੀ ਇਹ ਮਾਨਸਿਕ ਦਸ਼ਾ ਦੇਖੀ ਤਾਂ ਖਾਹ ਮੁਖਾਹ ਮੇਰੇ ਮਨ ਵਿਚ ਸ਼ੇਕਸਪੀਅਰ ਦੇ ਪ੍ਰਸਿਧ ਨਾਟਕ

ਜੂਲੀਅਸ ਸੀਜ਼ਰ ਦਾ ਵਾਕ "ਵੱਟ ਏ ਫਾਲ ਮ ਈ ਕੰਟਰੀਮੈਨ" (ਰੱਬ ਨੇ ਕਿੰਨੇ ਰਸਾਤਲ ਵਿੱਚ ਡੇਗਿਆ ਹੈ) ਆ ਗਿਆ।

ਸ਼ਾਇਦ ਮੇਰੇ ਦੋਸਤ ਨੂੰ ਵੀ ਇਸ ਪਤਣ ਦਾ ਇਹਸਾਸ ਹੋ ਗਿਆ ਸੀ ਅਤੇ ਉਸ ਆਪਣੀ ਕੁਰਸੀ ਦੇ ਸਹਾਰੇ ਖੜੇ ਹੋ ਕੇ ਭਾਸ਼ਨੀ ਅੰਦਾਜ਼ ਵਿਚ ਕਹਿਣਾ ਸ਼ੁਰੂ ਕਰ ਦਿਤਾ, "ਹੁਣ ਤਾਂ ਸਭ ਕੁਝ ਦਾ ਸਰਬ ਨਾਸ਼ ਹੋ ਗਿਆ ਏ। ਭਲਾ ਇਨ੍ਹਾਂ ਮੇਜ਼ਾਂ ਕੁਰਸੀਆਂ ਦੀ ਹਾਲਤ ਦੇਖੋ। ਕਦੇ ਅਗੇ ਕਿਸੇ ਨਾਈਟ ਕਲਬਾਂ ਵਿਚ ਅਨੈਮਲ ਦੇ ਜੱਗ ਦੇਖੇ ਸਨ। ਇਹ ਪੈਗ ਦੇਖੋ ਇਨ੍ਹਾਂ ਦੀ ਬਲੌਰੀ ਆਭਾ ਮਟ ਮੈਲੀ। ਹੁਣ ਇਹ ਨਾਈਟ ਕਲਬ ਦੀਆਂ ਕੁੜੀਆਂ ਹੁਣ—"ਉਹ ਅੱਗੋਂ ਕੁਝ ਨਾ ਆਖਿਆ ਅਤੇ ਸਾਰਿਆਂ ਨੂੰ ਕਹਿਣ ਲੱਗਾ, ਡਬਲ ਕੈਬਿਨ ਵਿਚ ਚਲੋ।"

ਮੈਂ ਹਾਲੇ ਡਬਲ ਕੈਬਿਨ ਵਿਚ ਪੈਰ ਪਾਏ ਹੀ ਸਨ ਕਿ ਟਿਊਬ ਲਾਇਟਾਂ ਦੀ ਰੋਸ਼ਨੀ ਨੇ ਮੈਨੂੰ ਚੁੰਧਿਆਂ ਕਰ ਦਿਤਾ ਅਤੇ ਮੈਂ ਆਪਣੇ ਨਾਲ ਆਈਆਂ ਤਿੰਨੇ ਔਰਤਾਂ ਉਤੇ ਉੱਡਦੀ ਉੱਡਦੀ ਨਜ਼ਰ ਮਾਰੀ।

ਉਨ੍ਹਾਂ ਦੇ ਜੁੱਸੇ ਟਿਊਬਾਂ ਦੀ ਰੋਸ਼ਨੀ ਵਿਚ ਮੈਨੂੰ ਕੁਝ ਓਪਰੇ ਓਪਰੇ ਲੱਗੇ।

ਮੈਂ ਕੁਝ ਘਬਰਾਇਆ ਹੋਇਆ ਸਾਂ ਅਤੇ ਕਿਸੇ ਆਸਰੇ ਦੀ ਉਡੀਕ ਵਿਚ ਸਾਂ। ਮੈਨੂੰ ਡਬਲ ਕੈਬਿਨ ਵਿਚ ਰਖੇ ਡਬਲ ਕੈਬਿਨੀ ਬੈਡ ਦੇ ਲਾਗੇ ਇਕ ਆਰਾਮ ਕੁਰਸੀ ਦਿਤੀ ਅਤੇ ਮੈਂ ਉਸ ਵਿਚ ਢੇਰੀ ਹੋਣ ਦੀ ਕੀਤੀ। ਮੈਂ ਇਸ ਗੱਲ ਦਾ ਦਖਾਵਾਂ ਕਰਨਾ ਚਾਹੁੰਦਾ ਸਾ ਕਿ ਮੈਂ ਨਸ਼ੇ ਵਿਚ ਚੂਰ ਹਾਂ ਤਾਂ ਜੋ ਸਾਰੇ ਤਮਾਸ਼ੇ ਦਾ ਪੂਰਾ ਪੂਰਾ ਅਨੰਦ ਮਾਣ ਸਕਾਂ।

ਤਿੰਨੇ ਕੁੜੀਆਂ ਨੇ ਡਬਲ ਬੈਡ ਦੇ ਕੰਢਿਆਂ ਤੇ ਬੈਠਣ ਦੀ ਕੀਤੀ ਅਤੇ ਉਨ੍ਹਾਂ ਵਿਚੋਂ ਤਿੰਨਾਂ ਨੇ ਹੀ ਆਪਣੇ ਆਪਣੇ ਸੈਂਡਲ ਜਾਂ ਸਲੀਪਰ ਉਤਾਰ ਕੇ ਗੋਡਿਆਂ ਦੇ ਭਾਰ ਡਬਲ ਬੈਡ ਤੇ ਬੈਠਣ ਦੀ ਕੀਤੀ। ਐਂਗਲੋ ਇੰਡੀਅਨ ਕੁੜੀ ਨੇ ਆਪਣੀ ਸੈਂਡਲ ਉਤਾਰਣ ਪਿਛੋਂ ਆਪਣੀਆਂ ਲੰਮੀਆਂ ਜਰਾਬਾਂ ਵੀ ਉਤਾਰ ਲਈਆਂ। ਜਦੋਂ ਉਹ ਇਸ ਤਰ੍ਹਾਂ ਕ[illegible] ਰਹੀ ਸੀ ਤਾਂ ਮੈਂ ਇਹ ਦੇਖਿਆ ਕਿ ਟਿਊਬ ਲਾਇਟਾਂ [illegible] ਰੋਸ਼ਨੀ ਵਿਚ, ਮੈਨੂੰ ਉਸ ਦੀਆਂ ਪਿੰਨੀਆਂ ਦਿਖਾ[illegible] ਹੋਈਆਂ ਨਜ਼ਰ ਆਈਆਂ ਅਤੇ ਉਸ ਦੇ ਸੂਫੇਦ ਅੰਡਰਵੀ[illegible] ਦੀ ਖਾਕੀ ਝਾਲਰ ਮੇਰੀਆਂ ਅੱਖਾਂ ਨੂੰ ਖੜਵੀ ਲੱਗੀ।

ਸਾਰੀਆਂ ਕੁੜੀਆਂ ਦੇ ਹਾਵ ਭਾਵ ਤੋਂ ਇਹ ਟ[illegible] ਪਰਤਖ ਸੀ ਕਿ ਉਨ੍ਹਾਂ ਨੂੰ ਇਸ ਗੱਲ ਦੀ ਕਾਹਲੀ ਸੀ [illegible] ਉਹ ਸਾਡੇ ਕੋਲੋਂ ਜਲਦੀ ਤੋਂ ਜਲਦੀ ਵਿਹਲੀਆਂ ਹੋ ਜਾ[illegible] ਉਹ ਕਦੇ ਡਬਲ ਕੈਬਿਨ ਵਿਚ ਵਿਛੇ ਬਿਸਤਰਿਆਂ [illegible] ਦੇਖਦੀਆਂ ਸਨ ਅਤੇ ਕਦੇ ਮੇਰੇ ਵੱਲ ਤੇ ਮੇਰੇ ਸਾਥੀ ਵੱਲ।

ਇਸ ਵੇਲੇ ਮੇਰੇ ਸਾਥੀ ਨੂੰ ਪਤਾ ਨਹੀਂ ਕੀ ਸੁ[illegible] ਉਸ ਕਾਲ ਬੈਲ ਦਾ ਬਟਨ ਦਬਾਇਆ ਅਤੇ ਜਦੋਂ ਠਾ[illegible] ਕਲਬ ਦਾ ਬੋਇ ਆਇਆ ਤਾਂ ਉਸ ਨੂੰ ਪੀਟਰ ਸਕਾਟ [illegible] ਇਕ ਹੋਰ ਵ੍ਹਿਸਕੀ ਦੀ ਬੋਤਲ ਲਿਆਉਣ ਲਈ ਆਖਿ[illegible] ਤਿੰਨੇ ਕੁੜੀਆਂ ਅਗੇ ਹੀ ਬੁਰੀ ਤਰ੍ਹਾਂ ਨਸ਼ੇ ਵਿਚ ਧੁਤ ਸਨ [illegible] ਐਂਗਲੋ ਇੰਡੀਅਨ ਕੁੜੀ ਬਾਰ ਬਾਰ ਆਪਣੀ ਘੜੀ [illegible] ਦੇਖਦੀ ਸੀ।

ਉਸ ਮੇਰੇ ਨਾਲ ਅਖਾਂ ਮਿਲਾਈਆਂ ਤੇ ਫਿਰ ਕ[illegible] ਲਗੀ, "ਦੇਖੋ ਹਮ ਨੇ ਆਪਣੀ ਮਾਮਾ ਕੇ ਪਾਸ ਹਾਸਪ[illegible] ਜਾਣਾ ਹੈ, ਵੋਹ ਬਹੁਤ ਦੇਰ ਸੇ ਬੀਮਾਰ ਹੈ, ਕੈਂਸਰ [illegible] ਪੇਸ਼ੰਟ, ਹਮ ਬਹੁਤ ਇੰਨਤਜ਼ਾਰ ਨਹੀਂ ਕਰ ਸਕਤਾ।"

ਇਹ ਗਲ ਸੁਣ ਕੇ ਮੇਰਾ ਸਾਰਾ ਨਸ਼ਾ ਹਰਨ [illegible] ਗਿਆ ਅਤੇ ਮੈਂ ਆਪਣੇ ਸਾਥੀ ਨੂੰ ਮੰਨਾ ਲਿਆ ਕਿ ਅ[illegible] ਕਾਫੀ ਮੌਜ ਮੇਲਾ ਕਰ ਲਿਆ ਸੀ। ਹੁਣ ਬਸ ਕਰੋ[illegible] ਵ੍ਹਿਸਕੀ ਦਾ ਅਗਲਾ ਦੌਰ ਅਸੀਂ ਆਪਣੀ ਬੈਠਕ ਵਿਚ [illegible] ਕੇ ਕਰ ਲਵਾਂਗੇ। ਮੇਰੇ ਦੋਸਤ ਨੇ ਨਸ਼ੇ ਵਿਚ ਹੀ ਅ[illegible] "ਜਿਵੇਂ ਤੇਰੀ ਮੰਸ਼ਾ, ਮੈਂ ਤਾਂ ਤੈਨੂੰ ਬੰਬਈ ਦੀ ਪੂਰੀ [illegible] ਕਰਾ ਦਿਤੀ ਏ।"

ਜੰਮੂ-ਕਸ਼ਮੀਰ ਦੀ ਕਵਿਤਾ ਵਿਚ ਸਥਾਨਕ ਰੰਗ

— ਅਮਰੀਕ ਸਿੰਘ*



ਲੇਖਕ

ਭਾਰਤੀ ਸਾਹਿਤ ਵਿਚ ਕਸ਼ਮੀਰ ਨਾਲ ਸੰਬੰਧ ਰਖਣ ਵਾਲੇ ਕਵੀਆਂ ਨੇ ਮੁੱਢ-ਕਦੀਮ ਤੋਂ ਹੀ ਆਪਣੀ ਭੂਮਿਕਾ ਨਿਭਾਈ ਹੈ। ਜਦ ਅਸੀਂ ਭਾਰਤ ਦੇ ਸੰਸਕ੍ਰਿਤ ਕਾਵਿ ਉਤੇ ਨਜ਼ਰ ਮਾਰਦੇ ਹਾਂ ਤਾਂ ਫੇਰ ਸਾਰੇ ਰਿਆਸਤੀ ਸਾਹਿਤਕਾਰ ਸਾਨੂੰ ਨਜ਼ਰ ਆਉਂਦੇ ਹਨ। ਇਨ੍ਹਾਂ ਵਿਚ ਕਲ੍ਹਨ, ਬਿਲ੍ਹਨ, ਖੇਮਿੰਦਰ, ਅਭਿਨਵ ਭਟ, ਮਨਖਾ, ਸੋਮ ਦੇਵ ਆਦਿ ਦੇ ਨਾਂ ਵਰਨਣਯੋਗ ਹਨ। ਜਿਥੇ ਬਾਕੀਆਂ ਨੇ ਆਪਣੀਆਂ ਰਚਨਾਵਾਂ ਵਿਚ ਹੋਰ ਵਿਸ਼ੇ ਆਪਣੀ ਤਬਆ ਅਜ਼ਮਾਈ ਲਈ ਚੁਣੇ ਹਨ ਕਲ੍ਹਨ ਨੇ ਰਾਜ 'ਤਰੰਗਣੀ' ਅਤੇ 'ਨੀਲਮਤ ਪੁਰਾਨ' ਦੇ ਕਰਤਾ ਨੇ ਕਸ਼ਮੀਰ ਦੇ ਇਤਿਹਾਸ, ਭੂਗੋਲ ਅਤੇ ਸਾਧਾਰਨ ਵਸੋਂ ਬਾਰੇ ਗੱਲ ਕੀਤੀ ਹੈ।

ਅਜ ਕਲ ਸਮਾਜ-ਭਾਸ਼ਾ ਵਿਗਿਆਨੀ ਇਸ ਗੱਲ ਨੂੰ ਮੰਨਦੇ ਹਨ ਕਿ ਆਧੁਨਿਕ ਪੰਜਾਬੀ ਭਾਸ਼ਾ ਪੁਰਾਤਨ ਸੰਸਕ੍ਰਿਤ ਦੀ ਪੋਤਰ-ਪੜਪੋਤਰੀ ਹੈ। ਇਸ ਲਈ ਇਸ ਦੇ ਲੇਖਕਾਂ ਵਿਚ ਵੀ ਆਪਣੇ ਪੂਰਵਜਾ ਦੇ ਉਹ ਗੁਣ ਮਜੂਦ ਹਨ ਜਿਨ੍ਹਾਂ ਰਾਹੀਂ ਉਨ੍ਹਾਂ ਆਪਣੀਆਂ ਰਚਨਾਵਾਂ ਵਿਚ ਸਥਾਨਿਕ ਰੰਗ ਭਰਿਆ ਹੈ। ਇਨ੍ਹਾਂ ਕਵੀਆਂ ਵਿਚੋਂ ਮਹਾਨ ਕਿੱਸਾਕਾਰ ਮੀਆਂ ਮੁਹੰਮਦ ਬਖ਼ਸ਼ ਆਪਣੀ ਰਚਨਾ ਸੈਫ਼ ਮਲੂਕ ਨੂੰ ਹਿੰਦੀ ਵਿਚ ਲਿਖੀ ਹੋਈ ਦਸਦਾ ਹੈ।

ਮੁਲਕਾਂ ਥੀਂ ਮੰਗਾ ਕਿਤਾਬਾਂ, ਬਾਤ ਤਮਾਮੀ ਲੋੜੀ।
ਚੋਹਾਂ ਕਿਤਾਬਾਂ ਦੀ ਤਕ ਸ਼ਾਹਦੀ, ਹਿਕ ਹਿੰਦੀ ਕਰ ਜੋੜੀ।
ਇਸ ਹਿੰਦੀ ਵਿਚ ਮਤਲਬ ਬਹੁਤੇ, ਜੇਹਾ ਜੇਹਾ ਕੋਈ ਚਾਹੇਂ।
ਪਾਵੇ ਰੱਬ ਕਬੂਲ ਮੁਹੰਮਦ, ਮਰਦਾਂ ਦੀ ਦਰਗਾਹੇ। (੧)

ਆਪਣੇ ਨਵੇਂ ਲਿਖੇ ਕਿੱਸੇ ਸੈਫ਼ ਮਲੂਕ ਵਿਚ ਦਾਇਮ ਇਕਬਾਲ ਦ ਇਮ ਵੀ ਮੁਹੰਮਦ ਬਖ਼ਸ਼ ਦੀ ਭਾਸ਼ਾਂ ਨੂੰ ਹਿੰਦੀ ਹੀ ਆਖਦਾ ਹੈ।

ਕਿਸੇ ਕਵਿਤਾ ਜਾਂ ਰਚਨਾ ਵਿਚ ਸਥਾਨਿਕ ਰੰਗ ਤਿੰਨਾਂ ਸੂਰਤਾਂ ਵਿਚ ਵੇਖਿਆ ਜਾ ਸਕਦਾ ਹੈ।

੧. ਕਿਸੇ ਵਿਸ਼ੇਸ਼ ਇਲਾਕੇ ਦਿਆਂ ਨਾਵਾਂ-ਥਾਵਾਂ ਦਾ ਵਰਨਣ ਅਤੇ ਉਨ੍ਹਾਂ ਦੀ ਸਿਫਤ ਸਾਲਾਹ।

੨. ਲੋਕਾਂ ਦੀ ਸਮਾਜਕ, ਰਾਜਨੀਤਕ, ਆਰਥਕ ਤੇ ਸਭਿਆਚਾਰਕ ਜੀਵਨ ਬਾਰੇ ਚਾਨਣਾ।

੩. ਮਕਾਮੀ ਬੋਲੀਆਂ ਅਤੇ ਉਪ-ਬੋਲੀਆਂ ਦੀ ਸ਼ਬਦਾਵਲੀ ਦਾ ਕੇਂਦਰੀ ਭਾਸ਼ਾ ਦੇ ਨਾਲ ਨਾਲ ਪ੍ਰਯੋਗ।

ਹੁਣ ਅਸੀਂ ਜੰਮੂ-ਕਸ਼ਮੀਰ ਦੀ ਪੰਜਾਬੀ ਕਵਿਤਾ ਨੂੰ ਇਨ੍ਹਾਂ ਭਿੰਨਾਂ ਪੱਖਾਂ ਨੂੰ ਮੁਖ ਰਖਕੇ ਵਿਚਾਰ ਸਕਦੇ ਹਾਂ।

*ਸੰਪਾਦਕ ਸ਼ੀਰਾਜ਼ਾ, ਕਲਚਰਲ ਅਕੈਡਮੀ ਕਨਾਲ ਰੋਡ ਜੰਮੂ।

ਮਕਾਮੀ ਇਲਾਕੇ ਆਦਿ ਦਾ ਵਰਨਣ

ਇਸ ਪੱਖੋਂ ਸਥਾਨਿਕ ਰੰਗ ਦੇ ਪਹਿਲੇ ਦਰਸ਼ਨ ਸਾਨੂੰ ਮੀਆਂ ਮੁਹੰਮਦ ਬਖਸ਼ ਦੇ ਕਿੱਸੇ ਸੈਫ਼-ਮਲੂਕ ਵਿਚ ਹੀ ਹੁੰਦੇ ਹਨ ਜਦ ਉਹ ਆਪਣਾ ਅੱਤਾ-ਪਤਾ ਦਸਦਾ ਹੋਇਆ ਲਿਖਦਾ ਹੈ :

ਜਿਹਲਮ ਘਾਟੋਂ ਪਰਬਤ ਪਾਸੇ, ਮੀਰਪੁਰੇ ਥੀਂ ਦਖਣ।
ਖੜੀ ਮਲਕ ਲੋੜਣ ਜਿਹੜੇ ਤਲਬ ਬੰਦੇ ਦੀ ਰਖਣ। (੨)

ਇਸ ਤੋਂ ਛੁਟ ਉਨ੍ਹਾਂ ਨੇ ਇਸ ਕਿੱਸੇ ਵਿਚ ਕਸ਼ਮੀਰ ਦੇ ਨਾਂ ਨੂੰ ਤਸ਼ਬੀਹ ਵਜੋਂ ਵੀ ਵਰਤਿਆ ਹੈ :

ਟੁਰਦਾ ਟਲਾ ਹਮਲੇ ਕਰਦਾ, ਜਿਉਂ ਪੱਖੀ ਦਰਿਆਈ।
ਜਾਂ ਕਸ਼ਮੀਰ ਅੰਦਰ ਡਲ ਕਿਸ਼ਤੀ, ਟੁਰਦੀ ਨਾਲ ਸਫਾਈ।
(੩)

ਮੀਆਂ ਮੁਹੰਮਦ ਬਖਸ਼ ਦੇ ਨਕਸ਼ੇ-ਕਦਮਾਂ ਉਤੇ ਚਲਣ ਵਾਲਾ ਸੂਫ਼ੀ ਕਵੀ ਸਾਈਂ ਫਕਰ ਦੀਨ ਆਪਣੇ ਵਤਨ ਬਾਰੇ ਇੰਜ ਲਿਖਦਾ ਹੈ :

ਮੀਮ-ਮੁਲਕ ਨੂਰੀ ਜ਼ਿਲ੍ਹਾ ਪੁਣਛ ਮੇਰਾ।
ਮਹਿੰਡਰ ਵਤਨ ਤੇ ਖਾਸ ਤਹਿਸੀਲ ਉਥੇ।
ਪਠਾਨਾਂ ਤੀਰ ਫਕੀਰ ਦਾ ਪਿੰਡ ਪਹਿਲਾ।
ਸਲਵਾਹ ਡਾਕਖਾਨਾ ਦੋਏ ਮੀਲ ਉਥੇ। (੪)

ਰਿਆਸਤ ਦੇ ਨਾਵਾਂ—ਥਾਵਾਂ ਨੂੰ ਆਪਣੀਆਂ ਕਵਿਤਾਵਾਂ ਵਿਚ ਗਿਨਣ ਲਈ ਗਿ: ਬਿਸ਼ਨ ਸਿੰਘ ਕ੍ਰੀਟ ਨੂੰ ਸੱਭ ਤੋਂ ਅਗੇ ਮੰਨਿਆ ਜਾਂਦਾ ਹੈ। ਉਸ ਨੇ ਕਸ਼ਮੀਰ, ਪੁਣਛ, ਚੰਡਕ, ਗਿਰਜਨ ਪਹਾੜ ਤੇ ਮਹਿੰਡਰ ਤਹਿਸੀਲ ਦੇ ਪਿੰਡ ਛਜਲਾ ਵਿਚ ਸਥਿਤ, ਰਾਮ ਕੁੰਡ, ਲਛਮਣ ਕੁੰਡ ਅਤੇ ਸੀਤਾ ਕੁੰਡ ਦਾ ਜ਼ਿਕਰ ਕੀਤਾ ਹੈ।

ਕਸ਼ਮੀਰ ਦਾ ਜ਼ਿਕਰ ਖਵਾਜਾ ਗੁਲਾਮ ਮੁਹੰਮਦ ਖਾਦਮ ਨੇ ਆਪਣੀਆਂ ਨਜ਼ਮਾਂ ਵਿਚ ਕਈ ਵੇਰਾਂ ਕੀਤਾ ਹੈ। ਉਹ ਲਿਖਦੇ ਹਨ :

ਕਰਾਂ ਕੀ ਤਾਰੀਫ਼ ਉਸ ਜਗ ਦੀ ਮੈਂ।
ਸੈਰਗਾਹ ਅਮੀਰ ਗਰੀਬ ਦੀ ਏ।
ਕਿਤੇ ਦੁਨੀਆਂ ਜਹਾਨ ਤੇ ਨਹੀਂ ਹੋਣੀ,
ਰਾਤ ਜੰਮੂ ਤੇ ਸੁਬਾ ਕਸ਼ਮੀਰ ਦੀ ਏ। (੫)

ਇਸੇ ਪ੍ਰਕਾਰ ਦਲੀਪ ਸਿੰਘ ਸੂਦਨ, ਮੋਹਨ ਸਿੰਘ ਸੇਠੀ, ਦੀਸ਼ਰ ਸਿੰਘ ਬਖਸ਼ ਕਰਤਾਰ ਸਿੰਘ ਕੋਮਲ, ਬਲਵੰਤ ਸਤਵੰਤ, ਹਮਹਿੰਦਰ ਸਿੰਘ ਹਰਜੀ, ਨੇ ਕਸ਼ਮੀਰ ਨੂੰ ਆਪਣੀਆਂ ਕਵਿਤਾਵਾਂ ਵਿਚ ਵਰਨਣ ਕਰਕੇ ਇਨ੍ਹਾਂ ਵਿਚ ਸਥਾਨਿਕ ਰੰਗ ਭਰਿਆ ਹੈ। ਰਿਆਸਤ ਦੀ ਇਕ ਇਕਾਈ ਪੁਣਛ ਅਤੇ ਸੁਰਨ ਕੋਟ ਬਾਰੇ ਵੀ ਕਾਫੀ ਕਵਿਤਾਵਾਂ ਮਿਲਦੀਆਂ ਹਨ, ਜਿਨ੍ਹਾਂ ਦੇ ਰਚਨਹਾਰੇ ਸਾਈਂ ਕਾਦਰ ਬਖਸ਼ ਦਲੀਪ ਸਿੰਘ ਸੂਦਨ, ਅੱਤਾ ਮੁਹੰਮਦ, ਰਣਜੀਤ ਸਿੰਘ ਠਾਕੁਰ ਅਮਰੀਕ ਸਿੰਘ ਸੁਖੀ, ਜਸਵੰਤ ਸਿੰਘ ਸ਼ਾਨ ਅਤੇ ਸੁਰਜੀਤ ਕੌਰ ਸਖੀ ਹਨ। ਸ਼ਾਨ ਦੀ ਪੁਣਛ ਬਾਰੇ ਕਵਿਤਾ ਦਾ ਇਕ ਬੰਦ ਵੇਖੋ :

ਚੀੜਾਂ ਲਦੇ ਪਹਾੜਾਂ ਦੇ ਵਿਚ,
ਫੁੱਲਾਂ ਲਦੀ ਸੁੰਦਰ ਘਾਟੀ।
ਫੁੱਲਾਂ ਵਾਲੇ ਬੂਟੇ ਜਿੱਥੇ,
ਇਹ ਨੀ ਮੇਰੀ ਪੁਣਛ ਵਾਦੀ। (੬)

ਇਹੋ ਸਵਰ ਸੁਰਜੀਤ ਸਖੀ ਦੀ ਸੁਰਨ ਕੋਟ ਬਾਰੇ ਲਿਖੀ ਕਵਿਤਾ ਦਾ ਹੈ :

ਇਕ ਇਕਾਂਤ ਫਿਜ਼ਾ ਵਿਚ ਵਸਦੀ,
ਸੁਰਨ ਕੋਟ ਦੀ ਸੁੰਦਰ ਬਸਤੀ।
ਅਰਸ਼ੀਂ ਦੇਵਤਿਆਂ ਦੀ ਵਾਦੀ,
ਚੰਦ ਘਰਾਂ ਦੀ ਇਹ ਆਬਾਦੀ। (੭)

ਸ੍ਰੀਮਤੀ ਸਪਨ ਮਾਲਾ, ਸ੍ਰੀ ਦੇਸ ਰਾਜ ਦਾਨਿਸ਼ ਅਤੇ ਸ੍ਰੀ ਜਨਕ ਸਿੰਘ ਕਿਰਤੀ ਨੇ ਜੰਮੂ ਬਾਰੇ ਕਵਿਤਾਵਾਂ ਲਿਖੀਆਂ ਹਨ। ਮਾਲਾ ਇਕ ਗੀਤ ਵਿਚ ਲਿਖਦੀ ਹੈ :

ਠਾਕਰਾਂ ਦੇ ਮੰਦਰ ਤਕ, ਤਵੀ ਦਾ ਸ਼ਿੰਗਾਰ ਤਕ
ਪਖਰੂ ਪਖੇਰੂ ਤਕ, ਬੰਦਿਆਂ ਦਾ ਪਿਆਰ ਤਕ
ਜੰਮੂ ਦੀਆਂ ਠੰਡੀਆਂ ਹਵਾਵਾਂ...... (੮)

ਲੋਕਾਂ ਦੇ ਜੀਵਨ ਦਾ ਚਿੱਤਰਨ

ਪੰਜਾਬੀ ਕਵਿਤਾ ਵਿਚ ਲੋਕਾਂ ਦੇ ਸਮਾਜਕ ਤੇ ਸਭਿਆਚਾਰਕ ਜੀਵਨ ਦੀ ਤਸਵੀਰ ਸਾਨੂੰ ਖੂਬ ਮਿਲਦੀ ਹੈ। ਰਿਆਸਤ ਵਿਚ ਪੰਜਾਬੀ ਕਿੱਸਾਕਾਰੀ ਦੇ ਪਿਤਾਮਾ ਮੀਆਂ

ਮੁਹੰਮਦ ਬਖਸ਼ ਨੇ ਇਸ ਪੱਖੋਂ ਵੀ ਇਥੇ ਦੋ ਕਵੀਆਂ ਦਾ ਪੱਥ ਪ੍ਰਦਰਸ਼ਨ ਕੀਤਾ ਹੈ। ਸੈਫ ਮਲੂਕ ਦੀ ਕਹਾਣੀ ਭਾਵੇਂ ਸਾਮੀ ਮੁੱਢ ਦੀ ਹੈ ਪਰ ਇਸ ਵਿਚ ਰਿਆਸਤ ਦੇ ਸਭਿਆਚਾਰ ਦੀ ਖੂਬ ਅਕਾਸੀ ਕੀਤੀ ਗਈ ਹੈ।

ਸੈਫ ਮਲੂਕ ਦੀ ਸ਼ਾਦੀ ਵੇਲੇ ਜਿਹੜਾ ਰੰਗ ਮੀਆਂ ਹੋਰਾਂ ਭਰਿਆ ਹੈ ਉਸ ਨਾਲ ਕਿੱਸੇ ਦੀ ਕਹਾਣੀ ਦਾ ਉਹ ਭਾਗ ਸਥਾਨਿਕ ਹੋ ਨਿਬੜਦਾ ਹੈ। ਇਥੇ ਸ਼ਹਿਜ਼ਾਦੇ ਨੂੰ ਵਟਨਾ ਮਲਿਆ ਜਾਂਦਾ ਹੈ, ਖਾਰੇ ਚਾੜਿਆ ਜਾਂਦਾ ਹੈ ਅਤੇ ਉਹ ਸਾਰੀਆਂ ਰਸਮਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਸਾਡੀ ਰਿਆਸਤ ਵਿਚ ਪ੍ਰਚਲਤ ਹਨ। ਇਕ ਦ੍ਰਿਸ਼ ਵੇਖੋ :

ਮਾਈ ਬਾਪ ਮੁਬਾਰਕ ਝੱਲੀ, ਖੁਸ਼ੀਆਂ ਰਹਿਆਂ ਨਾਂ ਬੰਨਾ।
ਬਿਸਮਿਲਾ ਖਿਸਮਿਲਾ ਕਰਕੇ, ਖਾਰੇ ਚੜਿਆ ਬੰਨਾ।
ਸੋਹਲੇ ਗਾਵਣ ਹੱਥ ਘਮਾਵਣ, ਰਲਕੇ ਪਰੀਆਂ ਕੁੜੀਆਂ।
ਸੈਫ-ਮਲੂਕੇ ਕਾਨਿ ਘੜੋਲੀ, ਭਰ ਮੁੜੀਆਂ ਭਰ ਮੁੜੀਆਂ।
ਨਾਈ ਤੇਲ ਲਗਾਏ ਸਿਰ ਤੇ, ਖੂਬ ਉਤਾਰ ਉਤਾਰੇ।
ਲਾਹ ਪੋਸ਼ਾਕੀ ਤੇ ਮੱਲ ਵਟਣਾ, ਜਿਉਂ ਬੈਠਿਆ ਚੜ ਖਾਰੇ।
ਬਣ ਮਰ੍ਹਾਜ ਫਰਸ਼ ਪਰ ਬੈਠਾ, ਜ਼ੇਵਰ ਪਹਿਣ ਸ਼ਹਾਨਾ।
ਦੋਸਤ ਰਲਕੇ ਬੰਨਦੇ ਭਾਈ, ਸਿਹਰਾ ਹੱਥ ਗਾਨਾ। (੯)

ਇਨ੍ਹਾਂ ਪੰਗਤੀਆਂ ਵਿਚ ਸੈਫ-ਮਲੂਕ ਬਦੀ-ਉ-ਜਮਾਲ ਲਈ ਕੋਹ-ਕਾਫ ਗਾਹਣ ਵਾਲਾ ਤੇ ਦੇਵਾਂ ਨਾਲ ਜੰਗ ਕਰਨ ਵਾਲਾ ਸ਼ਾਹਜ਼ਾਦਾ ਨਹੀਂ ਸਗੋਂ ਰਿਆਸਤ ਦਾ ਕੋਈ ਸਾਧਾਰਨ ਜੁਆਨ ਪ੍ਰਤੀਤ ਹੁੰਦਾ ਹੈ। ਹੁਣ ਇਕ ਤਸਵੀਰ ਲਾੜੇ ਦੇ ਸੁਹਰੇ ਘਰ ਪੁਜਣ ਬਾਅਦ ਦੀ ਵੀ ਦੇਖੋ :

ਕਿਰਕਟੀਆਂ ਦੇ ਤਰਿੰਜਨ ਬਣਕੇ,
ਆਈਆਂ ਪਰੀਆਂ ਆਈਆਂ।

ਸੁਚੀਆਂ ਛਟੀਆਂ ਉਚੀਆਂ ਉਚੀਆਂ,
ਸਿਰ ਪਰ ਆਣ ਝਲਾਈਆਂ।

ਅਸੀਂ ਆਈਆਂ ਅਸੀਂ ਆਈਆਂ,
ਲਾਲਾ ਗਾਵਣ ਨਾਲ ਸਫ਼ਾਈਆਂ।

ਪਰੀਆਂ ਗਾਵਣ ਬੋਲ ਸੁਹਾਵਨ,
ਮੌਜਾਂ ਰੱਬ ਵਿਖਾਈਆਂ।

ਸੁੱਤੇ ਸੁਤੇ ਕਾਹਨ ਜਗਾਵਨ,
ਆਵਣ ਚਾਮਲ ਚਾਈਆਂ।

ਤਲੀਆਂ ਭਸਣ, ਖਿੜ ਖਿੜ ਹਸਣ,
ਆਖਣ ਘੋਲ ਘੁਮਾਈਆਂ।

ਉਠ ਮਰ੍ਹਾਜਾ ਜਾਗ ਮਰ੍ਹਾਜਾ,
ਕਿਸ ਵੇਲੇ ਦੀਆਂ ਖਲੀਆਂ।

ਖਲੀਆਂ ਖਲੀਆਂ ਰਾਤ ਵਿਹਾਈਆਂ,
ਦੁਖਣ ਲਗੀਆਂ ਤਲੀਆਂ। (੧੦)

ਮੀਆਂ ਜੀ ਦੀ ਕਵਿਤਾ ਦੀਆਂ ਇਹ ਪੰਗਤੀਆਂ ਇਸ ਸਮੇਂ ਇਕ ਲੋਕ-ਗੀਤ ਦਾ ਰੂਪ ਧਾਰ ਗਈਆਂ ਹਨ। ਜਿਹੜਾ ਸੋਹਾਗ ਵਜੋਂ ਗਾਇਆ ਜਾਦਾ ਹੈ। ਪਹਾੜੀ ਰਾਗ ਵਿਚ ਗਾਏ ਜਾਣ ਵਾਲੇ ਇਸ ਲੋਕ-ਗੀਤ ਦੇ ਬੋਲ ਹੁਣ ਇਹ ਹੋ ਗਏ ਹਨ :

ਬੋਲ ਮਰ੍ਹਾਜਾ ਚਾਲ ਮਰ੍ਹਾਜਾ,
ਕਿਹੜੇ ਵੇਲੇ ਦੀਆਂ ਖੜੀਆਂ ਵੇ।

ਖੜੀਆਂ ਖੜੀਆਂ ਰਾਤ ਗੁਜ਼ਾਰੀ,
ਦੁਖਣ ਪੈਰਾਂ ਦੀਆਂ ਤਲੀਆਂ ਵੇ।

ਜਾਂ

ਸੁਤੇ ਲਾਲੇ ਕੀ ਜਗਾਉ ਅਸੀਂ ਆਈਆਂ ਵੇ,
ਅਸੀਂ ਆਈਆਂ ਤੇ ਗਲੀਆਂ ਸੁਹਾਹੀਆਂ ਵੇ।

ਮੀਆਂ ਸਾਹਿਬ ਦੇ ਨਕਸ਼ੇ-ਕਦਮ ਉਪਰ ਟੁਰਦਾ ਕਾਦਰ ਬਖਸ਼ ਸ਼ਖਸੀ ਰਾਜ ਵੇਲੇ ਰਿਆਸਤ ਪੁਣਛ ਵਿਚ ਮਚੀ ਅੰਧੇਰ ਗਰਦੀ ਬਾਰੇ ਇੰਝ ਲਿਖਦਾ ਹੈ।

ਕੀਫ-ਕਸਟਮੀ ਪੁਲਸ ਜੰਗਲਾਤ ਚੋਕੀ,
ਪੁਣਛ ਲੁਟ ਖਾਧੀ ਪਟਵਾਰੀਆਂ ਨੇ।
ਨੰਬਰਦਾਰ ਵੀ ਰਲ-ਮਿਲ ਖਾਣ ਵੱਢੀਆਂ,
ਖਲਕਤ ਤੰਗ ਕੀਤੀ ਚੌਕੀਦਾਰੀਆਂ ਨੇ। (੧੧)

ਗਿ: ਦਲੀਪ ਸਿੰਘ ਸੂਦਨ ਨੇ ੧੯ ੭ ਵਿਚ ਕਸ਼ਮੀਰ ਉਤੇ ਪਾਕਿਸਤਾਨੀ ਹਮਲੇ ਬਾਰੇ ਕਈ ਕਵਿਤਾਵਾਂ ਲਿਖੀਆਂ

ਹਨ। ਇਨ੍ਹਾਂ ਵਿਚ "ਬੇ ਹਥਿਆਰੇ ਦੇਸ਼ ਉਤੇ", ਅਤੇ "ਪ੍ਰੀਤਮ ਪਿਆਰਾ" ਸਥਾਨਿਕ ਰੰਗਨ ਨਾਲ ਭਰਪੂਰ ਦੋ ਪ੍ਰਸਿੱਧ ਕਵਿਤਾਵਾਂ ਹਨ। ਉਹ ਲਿਖਦੇ ਹਨ :

ਮੀਰਪੁਰ ਡਡਿਆਲ ਰਜੌਰੀ, ਬੁਧਲ, ਥੰਨਾ ਕੋਹਿਆ।
ਪੁਣਛ, ਪਲੰਦਰੀ, ਬਾਗ ਤੇ ਦੂਲੀ, ਖੂਨ ਸ਼ਹੀਦਾਂ ਚੋਇਆ।
ਮੁਜ਼ਫਰਾਬਾਦ, ਚਕਾਰ, ਚਕੋਰੀ, ਬਾਰਾਂਮੂਲਾ ਸਾਰਾ,
ਹਿੰਦਵਾੜਾ, ਕਮਰਾਜ, ਬੇਰਵਾ, ਘਲੂਘਾਰਾ ਹੋਇਆ। (੧੨)

"ਪ੍ਰੀਤਮ ਪਿਆਰਾ" ਵਿਚ ਉਨ੍ਹਾਂ ਪੁਣਛ ਵਿਖੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੀ ਬਹਾਦਰੀ ਦਾ ਵਰਨਣ ਕੀਤਾ ਹੈ। ਇਸ ਪ੍ਰਕਾਰ ਗਿ: ਈਸ਼ਰ ਸਿੰਘ ਬਖਸ਼ ਨੇ ਵੀ ਆਪਣੀ ਪੁਸਤਕ "ਖੂਨੀ ਘਲੂਆਰਾਂ ਦੀ ਸੱਦ" ਵਿਚ ਕਸ਼ਮੀਰ ਉਤੇ ਕਬਾਇਲੀ ਹਮਲੇ ਬਾਰੇ ਲਿਖਿਆ ਹੈ।

ਸ੍ਰੀ ਉਜਾਗਰ ਸਿੰਘ ਮਹਿਕ ਨੇ ਕਸ਼ਮੀਰ ਦੀ ਵਸੋਂ ਦੇ ਜੀਵਨ ਦੇ ਦੋ ਪੱਖਾਂ ਸੁੰਦਰਤਾ ਅਤੇ ਗਰੀਬੀ ਉਤੇ ਦੋ ਕਵਿਤਾਵਾਂ "ਅਮੀਰਾਕਦਲ ਦੇ ਬਜ਼ਾਰ ਵਿਚ" ਅਤੇ "ਕੁੜੀ ਕਸ਼ਮੀਰ ਦੀ" ਲਿਖੀਆਂ ਹਨ।

ਮਕਾਮੀ ਬੋਲੀਆਂ ਅਤੇ ਉਪ-ਬੋਲੀਆਂ ਦੀ ਵਰਤੋਂ

ਰਿਆਸਤ ਦੇ ਪੰਜਾਬੀ ਕਵੀ ਕੇਂਦਰੀ ਅਤੇ ਟਕਸਾਲੀ ਭਾਸ਼ਾ ਦੇ ਨਾਲ ਨਾਲ ਆਪਣੀ ਕਵਿਤਾ ਵਿਚ ਪਹਾੜੀ, ਅਤੇ ਪੁਣਛੀ ਉਪ-ਬੋਲੀਆਂ ਦੀ ਸ਼ਬਦਾਵਲੀ ਦੀ ਵਰਤੋਂ ਵੀ ਕਰਦੇ ਰਹੇ ਹਨ। ਮੁਸਲਮਾਨ ਕਵੀਆਂ ਨੇ ਠੇਠ ਭਾਸ਼ਾ ਦੇ ਨਾਲ ਇਨ੍ਹਾਂ ਬੋਲੀਆਂ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਪਰ ਹਿੰਦੂ-ਸਿੱਖ ਕਵੀਆਂ ਨੇ ਪਹਾੜੀ ਤੇ ਪੁਣਛੀ ਵਿਚ ਨਰੋਲ ਕਵਿਤਾ ਵੀ ਲਿਖੀ ਹੈ।

ਮੀਆਂ ਮੁਹੰਮਦ ਬਖਸ਼ ਦੀ ਕਵਿਤਾ ਦਾ ਪਿੰਡਾ ਤਾਂ ਲਹਿੰਦੀ ਪੰਜਾਬੀ ਦਾ ਹੈ ਜੋ ਉਸ ਸਮੇਂ ਕੇਂਦਰੀ ਭਾਸ਼ਾ ਸੀ ਪਰ ਇਸ ਵਿਚ ਪੁਠੋਹਾਰੀ ਦੇ ਕ੍ਰਿਆ ਰੂਪ ਵੀ ਮਿਲਦੇ ਹਨ ਅਤੇ ਪੁਠੋਹਾਰੀ ਸ਼ਬਦਾਵਲੀ ਦਾ ਵੀ ਕਾਫੀ ਪ੍ਰਯੋਗ ਮਿਲਦਾ ਹੈ। ਇਨ੍ਹਾਂ ਵਿਚ ਕੁਝ ਸ਼ਬਦ ਇਸ ਪ੍ਰਕਾਰ ਹਨ :

ਬੂਜ਼ਨਾ, ਦਸਾਲਾ, ਪੇਟਾ-ਤਾਣੀ, ਕਜ਼ੀਟੇ, ਛਿਕ, ਪਲਕਾਰਾ, ਲੱਧਾ, ਸਰੋਪਾ ਬੰਨ੍ਹਾਏ, ਖਾਤਰ ਜਮਆਂ, ਜੰਡ-ਗਰੰਡੇ ਪਕੜੇ ਸੰਘ ਸੰਘਟਾ, ਤਰੁਟਾ, ਸਿਰ ਭਾਰ ਪਾਣਾ, ਕਰੱਟਾ, ਚਿਕੜੀ ਦਾ ਰੁਖ, ਵੇਖਣ ਸਾਤ, ਸਰਫਾ, ਤਰਿਖਾ, ਖੁਨਾਮੀ, ਪੜਹੱਥੇ, ਸੁੰਹਦਾ, ਟਿੰਗਾਰ, ਚੱਰ, ਬੇਕ-ਬੇਕਾਂ, ਦਾਈਆਂ, ਮਾਨ-ਤ੍ਰਾਣ ਦਰੁਗ। ਝਿੱਕੀਆਂ ਮੰਜੀਆਂ ਅਤੇ ਚੁਣਾਮ ਆਦਿ।

ਇਸ ਤੋਂ ਛੁਟ ਗਿ: ਬੁਧ ਸਿੰਘ, ਅਵਤਾਰ ਸਿੰਘ ਸ਼ਾਦ, ਬਿਸ਼ਨ ਸਿੰਘ ਕ੍ਰੀਟ, ਹਰਨਾਮ ਸਿੰਘ ਦੁਖੀਆ ਤੇ ਤਰਲੋਕ ਸਿੰਘ ਨਿਰਬਲ ਨੇ ਵੀ ਉਪ-ਭਾਸ਼ਾਵਾਂ ਦੇ ਸ਼ਬਦ ਤੇ ਕ੍ਰਿਆ ਰੂਪ ਆਪਣੀਆਂ ਕਵਿਤਾਵਾਂ ਵਿਚ ਵਰਤੇ ਹਨ। ਨਿਰਬਲ ਆਪਣੀ ਇਕ ਕਵਿਤਾ "ਤੂਫਾਨ" ਵਿਚ ਲਿਖਦਾ ਹੈ :

ਕਿਸੇ ਹੱਥ ਦਰਾਟੀ, ਕਿਸੇ ਹੱਥ ਬਦਾਨ,
ਉਥੇ ਨਾ ਲਭਣ ਹਿੰਦੂ, ਮੁਸਲਮਾਨ।
ਭੁਖੇ ਕੀ ਰੋਟੀ ਨੰਗੇ ਕੀ ਲੀੜਾ,
ਈਹੋ ਸਾੜਾ ਦੀਨ ਈਹੋ ਈਮਾਨ। (੧੩)

ਜਿਵੇਂ ਮੈਂ ਪਹਿਲਾਂ ਦਸਿਆ ਹੈ ਸਾਡੇ ਕਾਫੀ ਕਵੀਆਂ ਨੇ ਨਰੋਲ ਪਹਾੜੀ ਜਾਂ ਪੁਠੋਹਾਰੀ ਵਿਚ ਰਚਨਾ ਕੀਤੀ ਹੈ ਅਤੇ ਪੁਸਤਕਾਂ ਵੀ ਪ੍ਰਕਾਸ਼ਤ ਕੀਤੀਆਂ ਹਨ। ਇਨ੍ਹਾਂ ਵਿਚ ਗਿ: ਬੁਧ ਸਿੰਘ ਦੀ "ਪਹਾੜੀ ਸੌਗਾਤ" ਦਲੀਪ ਸਿੰਘ ਸੂਦਨ ਦੀ "ਸੂਦਨ ਨਦਰਾਂ" ਅਤੇ ਅਵਤਾਰ ਸਿੰਘ ਸ਼ਾਦ ਦੀ "ਪਹਾੜੀ ਗੂੰਜਾਂ" ਦਾ ਨਾਂ ਲਿਆ ਜਾ ਸਕਦਾ ਹੈ। ਬੁਧ ਸਿੰਘ ਦੀ ਕਵਿਤਾ "ਸੱਚੇ ਮਿੱਤਰ" ਦੇ ਕੁਝ ਸ਼ਿਅਰ ਸੁਣੋ :

ਅੱਛ ਭਈਉ ਸੁਟਾ ਛੋੜੀ। ਖੱਟਾ ਪਰ ਬਿੱਝੀ ਗੱਲ,
ਬਲ ਦੇ ਤੁਹਾੜੇ ਸਾਰੇ ਜੰਗਤ ਕੁੜੋਟੀਆਂ।
ਡੀਕੀ-ਡੂਕੀ ਹੁਟੀ ਗੈਨੇ, ਅਛਣ ਨਾ ਸਾੜੇ ਕੀਹਾਂ,
ਤੁਹਾੜੇ ਬਿਨਾਂ ਬੀਤੀ ਗਛਣ ਦਿਨ ਰਾਤਾਂ ਖੋਟੀਆਂ। (੧੪)

ਦਲੀਪ ਸਿੰਘ ਸੂਦਨ ਦੀ ਕਵਿਤਾ "ਚੰਨ ਮ੍ਹਾੜਾ" ਦਾ ਨਮੂਨਾ ਵੇਖੋ :

ਇਕ ਵਾਰੀ ਅਛੀ ਹੋਰ, ਹਾਲ ਮਾੜਾ ਦਿਖੀ ਗੱਲ,
ਮਾਸੇ ਨਾ ਨਾ ਲਾਸ ਰਿਹਾ, ਪਿੰਜਰਾ ਈ ਸੁਕਿਆ।
ਤੁੜ੍ਹੀਆਂ ਉਡੀਕਾਂ ਵਿਚ ਅੜੀ ਹੋਈ ਜਾਨ ਮ੍ਹਾੜੀ,
ਦਾਣਾਂ-ਪਾਣੀ "ਸੂਦਨਾ" ਚਿਰੋਕਣਾ ਈ ਮੁਕਿਆ। (੧੫)

ਇਨ੍ਹਾਂ ਕਵਿਤਾਵਾਂ ਵਿਚ ਪਹਾੜੀ-ਪੁਣਛੀ ਦਾ ਪ੍ਰਯੋਗ ਕੀਤਾ ਗਿਆ ਹੈ ਅਤੇ ਇਹੀ ਰੰਗ ਸ਼ਾਦ ਦੀਆਂ ਪਹਾੜੀ ਕਵਿਤਾਵਾਂ ਵਿਚ ਵੀ ਪ੍ਰਧਾਨ ਹੈ। ਸ੍ਰੀ ਹਰਨਾਮ ਸਿੰਘ ਦੁਖੀਆ ਅਤੇ ਪ੍ਰੀਤਮ ਸਿੰਘ ਨੇ ਵੀ ਪਹਾੜੀ ਕਵਿਤਾ ਰਚੀ ਹੈ।

ਰਿਆਸਤ ਜੰਮੂ-ਕਸ਼ਮੀਰ ਦੀ ਪੰਜਾਬੀ ਕਵਿਤਾ ਵਿਚ

ਮਕਾਮੀ ਜਾਂ ਸਥਾਨਿਕ ਰੰਗਤ ਨੂੰ ਤਿੰਨਾਂ ਪੱਖਾਂ ਤੋਂ ਪਰਖ ਕੇ ਅਸੀਂ ਇਸ ਸਿੱਟੇ ਤੇ ਪੁਜ ਸਕਦੇ ਹਾਂ ਕਿ ਭਾਵੇਂ ਇਹ ਕਵਿਤਾ ਪੰਜਾਬੀ ਭਾਸ਼ਾ ਵਿਚ ਹੈ ਪਰ ਇਸ ਦਾ ਮੁਖ ਸਵਰ ਆਂਚਲਿਕਤਾ ਵਾਲਾ ਹੈ। ਸਾਡੇ ਕਵੀਆਂ ਨੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਭਾਵਨਾ ਅਧੀਨ ਵੀ ਰਚਨਾ ਕੀਤੀ ਹੈ ਫੇਰ ਵੀ ਇਸ ਕਵਿਤਾ ਬਾਰੇ ਕੋਈ ਗੱਲ ਕਰਨ ਤੋਂ ਪਹਿਲਾਂ ਇਥੋ ਦੀਆਂ ਸਥਾਨਿਕ ਪ੍ਰਸਥਿਤੀਆ ਤੋਂ ਜਾਣੂ ਹੋਣਾ ਲਾਜ਼ਮੀ ਹੈ, ਇਹ ਆਪਣੀ ਧਰਤੀ ਦੇ ਕਾਫੀ ਨੇੜੇ ਹੈ ਅਤੇ ਇਸ ਧਰਤੀ ਦੀ ਵਾਸ਼ਨਾ ਇਸ ਵਿਚ ਮੌਜੂਦ ਹੈ। ਕੋਈ ਭਾਵੇਂ ਇਹ ਇਸ ਕਵਿਤਾ ਦੀ ਕਮਜ਼ੋਰੀ ਸਮਝੇ ਪਰ ਮੇਰੀ ਨਜ਼ਰ ਵਿਚ ਇਹ ਇਸ ਦੀ ਵਿਲਖਣਤਾ ਹੈ।

ਹਵਾਲੇ ਤੇ ਟਿਪਣੀਆਂ

੧. ਮੀਆਂ ਮੁਹੰਮਦ ਬਖਸ਼ : ਜੀਵਨ ਤੇ ਰਚਨਾ : ਸੰਪਾਦਕ ਡਾ. ਧਰਮ ਪਾਲ ਸਿੰਗਲ, ਕਲਚਰਲ ਅਕੈਡਮੀ ਜੰਮੂ ੧੯੮੧. ਪੰਨਾ : ੧੦੪.
੨. ਉਹੀ ; ਪੰਨਾ ੨, (ਭੂਮਿਕਾ)
੩. ਪੰਨਾ ; ਪੰਨਾ ੨੦੬
੪. ਮੰਦਰ-ਰਮੂਜ-ਤੁਲਗਰੇ.
੫. ਚੋਣਵੀਂ ਪੰਜਾਬੀ ਕਵਿਤਾ, ਕਲਚਰਲ ਅਕੈਡਮੀ, ਜੰਮੂ, ੧੯੭੨-੭੩, ਪੰਨਾ ੧੮,
੬. ਹੀਮਾਲ, ਜਨਵਰੀ—ਜੂਨ, ੧੯੭੩, ਪੰਜਾਬੀ ਸਾਹਿਤ ਸਭਾ, ਸ੍ਰੀਨਗਰ, ਪੰਨਾ ੧੭੨
੭. ਉਹੀ ; ਪੰਨਾ ੧੯੬.
੮. ਉਹੀ ; ਪੰਨਾ ੧੧੪
੯. ਮੀਆਂ ਮੁਹੰਮਦ ਬਖਸ਼ : ਜੀਵਨ ਤੇ ਰਚਨਾ, ਸੰਪਾਦਕ ਡਾ : ਧਰਮ ਪਾਲ ਸਿੰਗਲ, ਕਲਚਰਲ ਅਕੈਡਮੀ, ਜੰਮੂ, ੧੯੮੧, ਪੰਨਾ ੬੦੩
੧੦. ਉਹੀ : ਪੰਨਾਂ ੬੦੭
੧੧. ਹੀਮਾਲ, ਜਨਵਰੀ-ਜੂਨ ੧੯੭੩, ਪੰਨਾ ੨੫
੧੨. ਉਹੀ ਪੰਨਾ ੫੨
੧੩. ਨਿਰਬਲ ਤਰੰਗਾਂ (ਦੇਵ ਨਾਗਰੀ) ਪੰਨਾ ੩੩
੧੪. ਚੋਣਵੀ ਪੰਜਾਬੀ ਕਵਿਤਾ, ਕਲਚਰਲ ਅਕੈਡਮੀ, ਪੰਨਾ ੨੦—੨੧.
੧੫. ਉਹੀ ਪੰਨਾ ੨੫

ਦਗੀ : ਇਕ ਔਰਤ

—ਖਲੀਲ ਜ਼ਿਬਰਾਨ

ਇਸ਼ ਉੱਜੜੇ ਹੋਏ ਅਤੇ ਵੀਰਾਨ ਕਮਰੇ ਵਿਚ ਕੱਲ੍ਹ
ਰਤ ਬੈਠੀ ਸੀ, ਜਿਸ ਨੂੰ ਮੇਰਾ ਦਿਲ ਪਿਆਰ ਕਰਦਾ
ਨਾਂ ਨਰਮ ਤੇ ਗੁਲਾਬੀ ਜਿਹੇ ਨਾਜ਼ੁਕ ਗਾਉਤਕੀ
ਦਾ ਸਿਰ ਥਿਰਕ ਰਿਹਾ ਸੀ ਅਤੇ ਉਸ ਪਿਆਲੇ
ਹਨੇ ਅਤਰ ਦੇ ਸੁਗੰਧ ਵਾਲੀ ਦਾਰੂ ਦੀ ਇਕ ਬੂੰਦ
ੀ ਸੀ।

ਇਹ ਸਭ ਕੁਝ ਕੱਲ੍ਹ ਹੀ ਵਾਪਰਿਆ ਸ਼ੀ। ਕੱਲ੍ਹ ਇਕ
ਹੈ, ਜਿਹੜਾ ਪਰਤ ਕੇ ਨਹੀਂ ਆ ਸਕਦਾ।

ਪਰ ਅੱਜ ?—ਅੱਜ ਉਹ ਔਰਤ ਮੇਰੀਆਂ ਇੱਛਿਆਵਾਂ
ੀਆ,...ਇਕ ਸਰਦ, ਵੀਰਾਨ ਅਤੇ ਬੜੀ ਦੁਰਾਡੀ
ਵਿਚ ਚਲੀ ਗਈ ਹੈ, ਜਿਸ ਨੂੰ ਇਕਲਾਪੇ ਅਤੇ
ਈਆਂ ਦਾ ਦੇਸ਼ ਕਿਹਾ ਜਾਂਦਾ ਹੈ।

ਇਹ ਔਰਤ ਮੇਰੇ ਦਿਲ ਦੀ ਮਾਲਕਣ ਹੈ। ਉਹਦੀਆਂ
ਆਂ ਦੇ ਨਿਸ਼ਾਨ ਹੁਣ ਤਕ ਮੇਰੇ ਦਰਪਣ ਤੇ ਸਾਫ
ਨਜ਼ਰ ਆ ਰਹੇ ਨੇ। ਉਹਦੇ ਸਾਹਵਾਂ ਦੀ ਸੁਗੰਧੀ ਨਾਲ
ਮੇਰੇ ਵਸਤਰ ਹੁਣ ਤਕ ਮਹਿਕ ਰਹੇ ਨੇ। ਓਹਦੀ ਮਿੱਠੜੀ
ਆਵਾਜ਼ ਨਾਲ ਹੁਣ ਤਕ ਮੇਰੇ ਘਰ ਦਾ ਕੋਨਾ ਕੋਨਾ ਗੂੰਜ
ਰਿਹਾ ਹੈ। ਪਰ ਖੁਦ ਉਹ ਔਰਤ—ਉਹ ਔਰਤ ਜਿਹੜੀ
ਮੇਰੇ ਪਿਆਰ ਦਾ ਕੇਂਦਰ ਹੈ—ਕਿਤੇ ਦੂਰ ਦੇ ਸਥਾਨ ਵਲ
ਚਲੀ ਗਈ ਹੈ—ਜਿਸ ਨੂੰ ਵਿਜੋਗ ਅਤੇ ਵਿਰਹਾ ਦੀ ਬਸਤੀ
ਕਹਿੰਦੇ ਨੇ। ਪਰ ਉਹਦੀਆਂ ਉਂਗਲੀਆਂ ਦੇ ਨਿਸ਼ਾਨ,
ਉਹਦੇ ਮੂੰਹ ਦੀ ਸੁਗੰਧ, ਉਹਦੀ ਆਤਮਾ ਦਾ ਪ੍ਰਛਾਵਾਂ,
ਇਸ ਕਮਰੇ ਵਿਚ ਭਲਕੇ ਸਵੇਰ ਤਕ ਕਾਇਮ ਰਹਿਣਗੇ।
ਜਦੋਂ ਮੈਂ ਹਵਾ ਲਈ ਆਪਣੇ ਘਰ ਦੇ ਦਰਵਾਜ਼ੇ ਖੋਲ੍ਹ
ਦਿਆਂਗਾ ਤਾਂ ਉਹਦੇ ਬੁੱਲੇ ਹਰੇਕ ਉਸ ਚੀਜ਼ ਨੂੰ ਉਡਾ ਕੇ
ਲੈ ਜਾਣਗੇ, ਜੋ ਕਿ ਉਸ ਸੁੰਦਰ ਜਾਦੂਗਰਨੀ ਨੇ ਮੇਰੇ ਲਈ
ਛੱਡੀ ਹੈ।

ਇਹ ਔਰਤ ਮੇਰੀਆਂ ਤਮੰਨਾਵਾਂ ਦਾ ਮੂਲ ਸੋਮਾ ਹੈ।
ਉਹਦੀ ਤਸਵੀਰ ਹੁਣ ਤਕ ਮੇਰੇ ਬਿਸਤਰੇ ਕੋਲ ਲਟਕ ਰਹੀ
ਹੈ। ਉਹਨੇ ਮੈਨੂੰ ਪ੍ਰੇਮ ਪੱਤਰ ਲਿਖੇ ਸਨ, ਉਹ ਵੀ ਹੁਣ ਤਕ
ਹੀਰੇ-ਮੋਤੀਆਂ ਨਾਲ ਜੜੇ ਹੋਏ ਬਕਸੇ ਵਿਚ ਸੁਰਖਿਅਤ ਨੇ।
ਉਹਦੇ ਮਸਤਕ ਤੇ ਥਿਰਕਣ ਵਾਲੀਆਂ ਸੁਨਹਿਰੀ ਜ਼ੁਲਫ਼ਾਂ,
ਜੋ ਕਿ ਓਹਨੇ ਆਪਣੀ ਨਿਸ਼ਾਨੀ ਦੇ ਤੌਰ ਤੇ ਮੈਨੂੰ ਦਿੱਤੀਆਂ
ਸਨ, ਉਹ ਹੁਣ ਤਕ ਵੀ ਕਸਤੂਰੀ ਅਤੇ ਅੰਬਰ ਨਾਲ
ਸੁਗੰਧਿਤ ਗਿਲਾਫ ਵਿਚ ਪਈਆਂ ਨੇ। ਇਹ ਸਭੇ ਚੀਜ਼ਾਂ
ਸਵੇਰ ਤਕ ਆਪਣੀ ਥਾਵੇਂ ਰਹਿਣ ਗੀਆਂ। ਪਰ ਜਦੋਂ ਤਕ
ਸਵੇਰ ਹੋਵੇਗੀ, ਅਤੇ ਮੈਂ ਹਵਾ ਲਈ ਆਪਣੇ ਦਰਵਾਜ਼ੇ
ਖੋਲ੍ਹਾਂਗਾ, ਤਾਂ ਉਸਦੇ ਝੌਂਕੇ ਇਹਨਾਂ ਸਭਨਾਂ ਵਸਤਾਂ ਨੂੰ ਬੇਹੋਂਦ
ਦੇ ਹਨੇਰੇ ਵਲ ਲੈ ਜਾਣਗੇ, ਜਿਥੇ ਸ਼ਾਂਤੀ ਅਤੇ ਇਕਾਂਤ ਦਾ
ਰਾਜ ਹੈ। ਭਰਾਉ। ਜਿਸ ਨੂੰ ਮੈਂ ਪਿਆਰ ਕਰਦਾ ਹਾਂ,
ਉਹ ਔਰਤ ਉਹਨਾਂ ਹੀ ਔਰਤਾਂ ਵਰਗੀ ਹੈ ਜਿਨ੍ਹਾਂ ਨੂੰ ਤੁਸੀ
ਪਿਆਰ ਕਰਦੇ ਹੋ। ਇਹ ਇਕ ਵਿਚਿੱਤਰ ਜੀਵ ਹੈ ਜਿਸ
ਨੂੰ ਦੇਵਤਿਆਂ ਨੇ ਕਬੂਤਰ ਦੀ ਸੰਧੀ-ਪ੍ਰਿਯਤਾ, ਸੱਪ ਦੇ
ਦਾਉ-ਪੇਚ, ਮੋਰ ਦਾ ਗੌਰਵ ਤੇ ਅਭਿਮਾਨ, ਭੇੜੀਏ ਦੀ
ਕਪਟ-ਨੀਤੀ, ਗੁਲਾਬ ਦੇ ਫੁੱਲ ਦੀ ਸੁੰਦਰਤਾ ਅਤੇ ਹਨੇਰੀ
ਰਾਤ ਦੇ ਡਰ ਨੂੰ ਮੁੱਠੀ ਭਰ ਰਾਖ ਅਤੇ ਚੂਲੀ ਭਰ ਸਮੁੰਦਰੀ
ਝੱਗ ਵਿਚ ਮਿਲ ਕੇ ਬਣਾਇਆ ਹੈ।

ਮੈਂ ਇਸ ਔਰਤ (ਜਿਸ ਨਾਲ ਮੈਂ ਪਿਆਰ ਕਰਦਾ ਹਾਂ) ਬਚਪਨ ਤੋਂ ਹੀ ਜਾਣਦਾ ਹਾਂ। ਉਦੋਂ ਤੋਂ, ਜਦੋਂ ਕਿ ਮੈਂ ਖੇਤਾਂ ਵਿਚ ਉਹਦੇ ਪਿੱਛੇ-ਪਿੱਛੇ ਦੌੜਦਾ ਸਾਂ ਅਤੇ ਬਾਜ਼ਾਰਾਂ ਵਿਚ ਉਹਦਾ ਪੱਲੂ ਫੜ ਲੈਂਦਾ।

ਮੈਂ ਉਹਨੂੰ ਆਪਣੀ ਜਵਾਨੀ ਦੇ ਦਿਨਾਂ ਵਿਚ ਵੀ ਜਾਣਦਾ ਸਾਂ, ਜਦੋਂ ਕਿ ਮੈਂ ਕਿਤਾਬਾਂ ਵਿਚ ਉਹਦੇ ਚਿਹਰੇ ਪ੍ਰਤਿਬਿੰਬ ਵੇਖਦਾ ਸਾਂ। ਸ਼ਾਮ ਦੇ ਬੱਦਲਾਂ ਵਿਚ ਮੈਨੂੰ ਉਹਦਾ ਰੂਪ ਵਿਖਾਈ ਦਿੰਦਾ ਸੀ ਅਤੇ ਨਦੀਆਂ ਦੀ ਜਲਧਾਰਾ ਦੀ ਕਲ-ਕਲ ਵਿਚ ਮੈਂ ਉਸਦੀ ਆਵਾਜ਼ ਦਾ ਸੰਗੀਤ ਸੁਣਦਾ ਸਾਂ।

ਮੈਂ ਉਸ ਨੂੰ ਆਪਣੀ ਉਮਰ ਦੇ ਅੱਧਖੜ ਦਿਨਾਂ ਵਿਚ ਹੀ ਜਾਣਦਾ ਸਾਂ ਜਦੋਂ ਕਿ ਮੈਂ ਉਹਦੇ ਪਹਿਲੂ 'ਚ ਬੈਠ ਕੇ ਉਹਦੇ ਨਾਲ ਗੁਫਤਗੂ ਕਰਦਾ ਸਾਂ। ਕਈ ਵਿਸ਼ਿਆਂ ਤੇ ਉਹਦੇ ਕੋਲੋਂ ਪ੍ਰਸ਼ਨ ਪੁੱਛਦਾ ਸਾਂ, ਆਪਣੇ ਦਿਲ ਦੇ ਦਰਦ ਦੇ ਗਿਲੇ ਲੈ ਕੇ ਉਹਦੇ ਕੋਲ ਜਾਂਦਾ ਸਾਂ ਉਸ ਨੂੰ ਆਪਣੀ ਆਤਮਾ ਦੇ ਰਹੱਸਾਂ ਬਾਰੇ ਵੀ ਦੱਸਦਾ ਸਾਂ।

ਇਹ ਜੋ ਕੁਝ ਵੀ ਸੀ, ਕੱਲ੍ਹ ਹੀ ਸੀ, ਅਤੇ ਕੱਲ੍ਹ ਇਕ ਸੁਪਨਾ ਹੈ, ਜਿਹੜਾ ਪਰਤ ਕੇ ਨਹੀਂ ਆ ਸਕਦਾ। ਪਰ ਅੱਜ-ਅੱਜ ਉਹ ਔਰਤ, ਜਿਸ ਨੂੰ ਮੇਰਾ ਦਿਲ ਪਿਆਰ ਕਰਦਾ ਹੈ, ਉਹ ਇਕ ਸਰਦ, ਵੀਰਾਨ ਅਤੇ ਬਹੁਤ ਦੁਰਾਡੀ ਦੁਨੀਆਂ ਵਿਚ ਚਲੀ ਗਈ ਹੈ, ਜਿਸ ਨੂੰ ਇਕਾਂਤ ਅਤੇ ਭੁਲ ਭੁੱਲਈਆਂ ਦਾ ਦੇਸ਼ ਕਹਿੰਦੇ ਨੇ।

ਪਰ ਉਸ ਔਰਤ ਦਾ ਨਾਂ ਕੀ ਸੀ ਜਿਸ ਨੂੰ ਦਿਲ ਪਿਆਰ ਕਰਦਾ ਹੈ।

ਉਸ ਦਾ ਨਾਂ ਜ਼ਿੰਦਗੀ ਹੈ।


ਜ਼ਿੰਦਗੀ ਇਕ ਰੂਪਵਤੀ ਅਤੇ ਜਾਦੂਗਰਨ ਸਾਡੇ ਦਿਲਾਂ ਨੂੰ ਲੁਭਾਉਂਦੀ ਹੈ, ਸਾਡੀ ਆਤ ਬਹਿਕਾਉਂਦੀ ਹੈ, ਅਤੇ ਆਪਣੀਆਂ ਅਨੁਭੂਤੀਆਂ ਨੂੰ ਇਕਰਾਰ ਵਧਦੇ ਚਲੇ ਜਾਂਦੇ ਨੇ ਤਾਂ ਸਾਡੇ ਵਿਚੋਂ ਬ ਦੀ ਤਾਕਤ ਚਲੀ ਜਾਂਦੀ ਹੈ ਅਤੇ ਜੇਕਰ ਉਹ ਪੂਰੇ ਹੋ ਨੇ ਤਾਂ ਸਾਡੇ ਅੰਤਰ-ਕਰਣ ਵਿਚ ਦੁੱਖ ਦੀਆਂ ਚੰਗਿਅ ਭੜਕ ਉਠਦੀਆਂ ਨੇ।

ਜ਼ਿੰਦਗੀ ਇਕ ਔਰਤ ਹੈ ਜਿਹੜੀ ਉਹਨਾਂ ਦਿਨਾਂ ਦੀ ਪੋਸ਼ਾਕ ਪਹਿਨਦੀ ਹੈ ਜਿਨਾਂ ਵਿਚ ਕਾ ਭਾਤਾਂ ਦੇ ਅਸਤਰ ਬੱਗੇ ਹੋਏ ਹੁੰਦੇ ਨੇ।

ਜ਼ਿੰਦਗੀ ਇਕ ਅਜਿਹੀ ਔ ਤ ਹੈ ਜਿਹੜੀ ਦਿਲ ਨੂੰ ਆਪਣਾ ਮਿੱਤਰ ਤਾਂ ਬਣਾ ਸਕਦੀ ਹੈ, ਪਰ ਨਹੀਂ ਬਣਾ ਸਕਦੀ।

ਜ਼ਿੰਦਗੀ ਇਕ ਭੈੜੇ ਚਰਿੱਤਰ ਵਾਲੀ ਪਰ ਔਰਤ ਹੈ। ਜਿਹੜਾ ਵੀ ਉਹਦਾ ਦੁਰਾਚਾਰ ਵੇਖਦ ਉਸਦੀ ਸੁੰਦਰਤਾ ਨੂੰ ਨਫਰਤ ਕਰਨ ਲਗ ਪੈਂਦਾ ਹੈ।


ਅਨੁਵਾਦ : ਜ. ਸ. ਕਿ






Approved By Department of :

AGRICULTURE PUNJAB GOVERNMEN



High Class Manufacturers of :


- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED



ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ

ਬਨਾਉਣ ਵਾਲੇ ।


TRADE **JASPAL** MARK

Grams : HABI INDUSTRIES

Phone : 273

HABI INDUSTRIES (Regd.)

10, Industial Area,
PHAGWARA—144401,



ਦੂਜਾ ਜੂਨੀਅਰ ਸੰਸਾਰ ਹਾਕੀ ਕੱਪ

—ਰੇਸ਼ਮ

ਉਹ ਜ਼ਮਾਨਾ ਨਹੀਂ ਰਿਹਾ ਜਦੋਂ ਧਿਆਨ ਚੰਦ ਦੀ ਟੀਮ ਦਾ ਜ਼ਿਕਰ ਕਰਦਿਆਂ 'ਹਾਰ' ਸ਼ਬਦ ਵਿਚ ਨਹੀਂ ਸੀ ਆਉਂਦਾ। ਅਜਕਲ ਕੁਝ ਮਹੀਨੇ ਪਹਿਲਾਂ ਸੰਸਾਰ ਕੱਪ ਜਿਤਣ ਵਾਲੀ ਟੀਮ ੭-੨ ਜਿਹੇ ਵਡੇ ਫਰਕ ਨਾਲ ਮੂਧੀ ਪਾ ਦਿਤੀ ਜਾਂਦੀ ਹੈ। ਸੋ ੧੪ ਅਗਸਤ ਤੋਂ ਕੁਆਲਾਲੰਪੁਰ ਵਿਚ ਸ਼ੁਰੂ ਹੋਣ ਵਾਲੇ ਦੂਜੇ ਸੰਸਾਰ ਜੂਨੀਅਰ ਹਾਕੀ ਕੱਪ ਟੂਰਨਾਮੈਂਟ ਵਿਚ ਵੀ ਪਿਛਲੇਰੀਆਂ ਜਿੱਤਾਂ ਨੂੰ ਆਸਾਂ ਦਾ ਅਧਾਰ ਨਹੀਂ ਬਣਾਇਆ ਜਾ ਸਕਦਾ ਜਿਥੇ ਪਿਛਲੇ ਚੈਂਪੀਅਨ ਪਾਕਿਸਤਾਨ ਤੋਂ ਇਲਾਵਾ ਮਿਊਨਿਖ,ਮਾਂਟ੍ਰੀਅਲ ਉਲੰਪਿਕਾਂ ਤੇ ਚੈਂਪੀਅਨਸ਼ਿਪ ਟਰਾਫੀ ਵਿਚ ਚਮਤਕਾਰ ਕਰ ਦਿਖਾਉਣ ਵਾਲੇ ਦੇਸ਼ਾਂ ਦੀਆ ਟੀਮਾਂ ਵੀ ਮੈਦਾਨ ਵਿਚ ਨਿਤਰ ਰਹੀਆ ਹਨ। ਫਰ ਵੀ ਬਹੁਤੇ ਇਹ ਕਿਆਫਾ ਲਾ ਰਹੇ ਹਨ ਕਿ ਇਸ ਵਾਰ ਪਾਕਿਸਤਾਨ, ਪਛਮੀ ਜਰਮਨੀ, ਮੇਜ਼ਬਾਨ ਮਲੇਸ਼ੀਆ ਤੇ ਹਿੰਦ ਦੀਆਂ ਟੀਮਾ ਸੈਮੀਫਾਈਨਲ ਵਿਚ ਪਹੁੰਚਣ ਗੀਆਂ। ਇਨ੍ਹਾਂ ਤੋਂ ਇਲਾਵਾ ਸਪੇਨ, ਨਿਊਜ਼ੀਲੈਂਡ, ਹਾਲੈਂਡ, ਕੈਨੇਡਾ, ਕੀਨੀਆ, ਸਿੰਘਾਪੁਰ ਅਤੇ ਅਸਟਰੇਲੀਆ ਦੀਆਂ ਟੀਮਾ ਵੀ ਇਸ ਟੂਰਨਾਮੈਂਟ ਵਿਚ ਹਿੱਸਾ ਲੈ ਰਹੀਆਂ ਹਨ। ਬੈਲਜੀਅਮ (ਨੇ ਨਾਂ ਵਾਪਸ ਲੈ ਲਿਆ)

ਪਿਛਲੀ ਚੈਂਪੀਅਨ ਪਾਕ ਤੇ ਮੇਜ਼ਬਾਨ ਮਲੇਸ਼ੀਆ ਦੀਆਂ ਟੀਮਾਂ ਨੂੰ ਛਡ ਕੇ ਬਾਕੀ ੧੦ ਟੀਮਾਂ ਦੀ ਚੋਣ ਮਹਾਂਦੀਪੀ ਮੁਕਾਬਲਿਆਂ ਦੇ ਅਧਾਰ ਤੇ ਹੋਈ ਹੈ। ਇਸ ਲਈ ਸਤੰਬਰ—ਅਕਤੂਬਰ ੯੧ ਵਿਚ ਹਾਂਗਕਾਂਗ (ਏਸ਼ੀਆ/ਅਸਟਰੇਲੀਆ), ਬਾਰਸੀਲੋਨਾ (ਯੂਰਪ), (ਚਿਲੀ) (ਅਮਰੀਕਾ) ਨੈਰੋਬੀ (ਅਫਰੀਕਾ) ਵਿਚ ਕੁਆਲੀਫਾਈ ਮੁਕਾਬਲੇ ਹੋਏ ਇਨ੍ਹਾਂ ਵਿਚ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਸੰਸਾਰ ਕਪ ਦੇ ਯੋਗ ਹੋਈਆਂ। ਪੂਲ ਮੈਚ ਵਿਚ ਹਿੰਦ ਨੇ ਨਿਊਜ਼ੀਲੈਂਡ ਨੂੰ ੫—੦ ਨਾਲ ਹਰਾਇਆ ਸੀ ਪਰ ਫਾਈਨਲ ਵਿਚ ਉਸਤੋਂ ੨— ੧ ਨਾਲ ਹਾਰ ਗਿਆ ਸੀ। ਦੂਜੇ ਨੰਬਰ ਤੇ ਆਉਣ ਕਾਰਨ ਉਹ ਸੰਸਾਰ ਕਪ ਦੇ ਯੋਗ ਹੋ ਗਿਆ।

ਏਸ਼ੀਆਈ ਟੀਮਾਂ ਦੇ ਸੈਮੀਫਾਈਨਲ ਵਿਚ ਪਹੁੰਚਣ ਬਾਰੇ ਕਿਆਫਾ ਹਿੰਦ-ਪਾਕ ਮੈਚ ਲੜੀ, ਹਿੰਦ-ਯੂਰਪ ਲੜੀ, ਪਾਕ-ਮਲੇਸ਼ੀਆ ਦੇ ਪਖ ਵਿਚ ਮੇਜ਼ਬਾਨੀ ਦੇ ਨੰਬਰ ਵੀ ਸ਼ਾਮਲ ਹੁੰਦੇ ਹਨ। ਇਵੇਂ ਹੁੰਦਾ ਵੀ ਹੈ ਕਿ ਘਰੇਲੂ ਦਰਸ਼ਕਾਂ ਨਾਲ ਟੀਮ ਦਾ ਕਾਫੀ ਹੌਂਸਲਾ ਵਧ ਜਾਂਦਾ ਹੈ। ਜਿਵੇਂ ਕੁਆਲਾਲੰਪੁਰ ਵਿਚ ਤੀਜੇ ਸੰਸਾਰ ਹਾਕੀ ਕਪ ਦੌਰਾਣ ਫਾਈਨਲ ਵਿਚ ਪਹੁੰਚਣ ਸਮੇਂ ਮਲੇਸ਼ੀਆ ਨੂੰ ਹਰਾਉਣ ਵਿਚ ਹਿੰਦ ਦੀ ਟੀਮ ਦਾ ਨੂੰਣ ਹੋ ਗਿਆ ਸੀ।

ਮਲੇਸ਼ੀਆ ਨੇ ਇਕ ਹੋਰ ਚੰਗੀ ਗਲ ਕੀਤੀ ਹੈ। ਉਸ ਨੇ ਬੰਬਈ 'ਚ ਪੰਜਵੇਂ ਸੰਸਾਰ ਹਾਕੀ ਕਪ ਵਿਚ ਆਪਣੀ ਟੀਮ ਵਿਚ ੯ ਜੂਨੀਅਰ ਖਿਡਾਰੀ ਖਿਡਾਏ ਸਨ। ਮਾਰਚ ੧੯੯੨ ਵਿਚ ਏਸ਼ੀਅਨ ਕੱਪ ਲਈ ਸਾਰੀ ਜੂਨੀਅਰ ਟੀਮ ਹੀ ਕਰਾਚੀ ਭੇਜੀ ਸੀ ਇਸ ਤਰ੍ਹਾਂ ਉਸ ਦੀ ਟੀਮ ਕਾਫੀ ਅਨੁਭਵਸ਼ਾਲੀ ਬਣ ਚੁਕੀ ਹੈ।

ਬੰਬਈ ਸੰਸਾਰ ਹਾਕੀ ਕੱਪ ਵਿਚ ਹਾਲੈਂਡ ਚੌਥੇ ਨੰਬਰ ਤੇ ਰਹਿਣ 'ਤੇ ਉਥੋਂ ਦੇ ਇਕ ਪੁਰਾਣੇ ਕੋਚ ਨੇ ਕਿਹਾ ਸੀ "ਸਾਡੀ ਹਾਰ ਪੁਰਾਣੇ ਖਿਡਾਰੀਆਂ ਨੂੰ ਟੀਮ ਵਿਚ ਸ਼ਾਮਲ ਕਰਨ ਕਾਰਨ ਹੋਈ"। ਸੰਸਾਰ ਨਕਸ਼ੇ ਤੇ ਤੇਜ਼ੀ ਨਾਲ ਉਭਰ ਰਹੇ ਦੇਸ ਅਸਟਰੇਲੀਆ, ਹਾਲੈਂਡ ਤੇ ਪਛਮੀ ਜਰਮਨੀ ਆਪਣੀਆਂ ਟੀਮਾਂ ਵਿਚ ਜੂਨੀਅਰ ਖਿਡਾਰੀ ਜ਼ਿਆਦਾ ਰਖਦੇ ਹਨ। ਮਲੇਸ਼ੀਆ ਤਾਂ ਇਕਦਮ ਅਗੇ ਨਿਕਲ ਗਿਆ ਲਗਦਾ ਹੈ। ਪਾਕਿਸਤਾਨ ਵੀ ਪਿਛੇ ਜਿਹੇ ਤੋਂ ਜੂਨੀਅਰ ਖਿਡਾਰੀ ਪਾ ਰਿਹਾ ਹੈ। ਉਸਦੀ ਜੂਨੀਅਰ ਟੀਮ ਵਿਚਲੇ ਕਾਸਿਮ ਜ਼ਿਆ (ਬੈਕ) ਸਲੀਮ ਸ਼ੇਰਵਾਨੀ (ਫਾਰਵਰਡ) ਸ਼ਾਹਿਦ ਅਲੀ ਖਾਨ (ਗੋਲਕੀਪਰ) ਆਦਿ ਸੀਨੀਅਰ ਟੀਮ ਦੇ ਵੀ ਮੈਂਬਰ ਹਨ।

ਇਸ ਵਾਰ ਪਛਮੀ ਜਰਮਨੀ ਦੇ ਸਟੀਫਨ ਬਲੋਸ਼ਰ ਅਤੇ ਸ਼ਮਿਤ ਦੀ ਜੋੜੀ ਸਨਸਨੀ ਪੈਦਾ ਕਰੇਗੀ। ੧੦ ਅਗਸਤ ਨੂੰ ਖਤਮ ਹੋਈ ਕੀਨੀਆ-ਪਾਕ ਦੀ ਦੋ ਮੈਚਾਂ ਦੀ ਲੜੀ ਜਿਹੜੀ ਪਾਕ ਨੇ ਕਰਮਵਾਰ ੧-੦, ੨-੦ ਨਾਲ ਜਿਤੀ ਤੋਂ ਕੀਨੀਆ ਦੀ ਤਾਕਤ ਦਾ ਵੀ ਪਤਾ ਲਗਦਾ ਹੈ।

ਪਹਿਲੇ ਕੱਪ ਵਿਚ ਪਾਕ, ਪਛਮੀ ਜਰਮਨੀ, ਹਾਲੈਂਡ ਤੇ ਮਲੇਸ਼ੀਆ ਤੋਂ ਬਾਅਦ ਪੰਜਵੇਂ ਨੰਬਰ ਤੇ ਆਉਣ ਵਾਲੀ ਹਿੰਦ ਦੀ ਟੀਮ ਦੇ ਪਾਕ ਨਾਲ ਮੈਚਾ ਦੀ ਲੜੀ ਤੇ ਫਰਾਂਸ, ਜਰਮਨ ਦੌਰੇ ਦੌਰਾਨ ਕੀਤੇ ਪ੍ਰਦਰਸ਼ਨ ਨਾਲ ਇਹ ਆਸ ਜ਼ਰੂਰ ਬੱਝੀ ਹੈ ਕਿ ਉਹ ਕੁਆਲਾਲੰਪੁਰ ਦੇ ਐਸਟਰੋਟਰਫ ਉਤੇ ਵਧੀਆ ਖੇਡ ਦਿਖਾਏਗੀ। ਸੀਨੀਅਰ ਟੀਮ ਵਿਚ ਨਾ ਲੈਣ ਦੇ ਅਧਿਕਾਰੀਆਂ ਦੇ ਰਵਈਏ ਦੇ ਬਾਵਜੂਦ ਇਸਦੇ ਕਈ ਖਿਡਾਰੀ ਇਸ ਵੇਲੇ ਸੀਨੀਅਰ ਟੀਮ ਵਿਚ ਥਾਂ ਦੇ ਦਾਅਵੇਦਾਰ ਹਨ। ਕਪਤਾਨ ਮਹਿੰਦਰ ਪਾਲ ਸਿੰਘ (ਬੈਕ) ਸੁਰਜੀਤ ਕੁਮਾਰ (ਲੈਫਟ ਹਾਫ) ਬੀ. ਐਸ. ਨੇਗੀ, ਨਈਮ, ਮੁਕੇਸ਼ ਚੰਦਰ (ਫਾਰਵਰਡ) ਤੋਂ ਹਿੰਦ ਨੂੰ ਕਾਫੀ ਆਸਾਂ ਹਨ। ਪਰ ਯੂ. ਪੀ, ਦੇ ਸ਼ਫੀਕ ਅਹਿਮਦ, ਪੰਜਾਬ ਦੇ ਹਰਜਿੰਦਰ ਸਿੰਘ ਤੇ ਰਾਜਸਥਾਨ ਦੇ ਦਲਜਿੰਦਰ (ਫੁਲ ਬੈਕ) ਨੂੰ ਆਖਰੀ ਮੌਕੇ ਬਦਲ ਕੇ ਉਨ੍ਹਾਂ ਥਾਂ ਸੂਚੀ ਬਾਹਰੋਂ ਖਿਡਾਰੀ ਪਾ ਲੈਣ ਦੀ ਪੁਰਾਣੀ ਲਿਹਾਜ਼ਦਾਰੀ ਵਾਲੀ ਕਾਰਵਾਈ ਪ੍ਰਤੀ ਦੂਜੇ ਖਿਡਾਰੀਆਂ ਦੀ ਨਰਾਜ਼ਗੀ ਖੇਡ ਤੇ ਅਸਰਅੰਦਾਜ਼ ਹੋ ਸਕਦੀ ਹੈ।

ਟੂਰਨਾਮੈਂਟ ਮੈਚ ਤੋਂ ਪਹਿਲਾਂ ਦੋਸਤਾਨੀ ਮੈਚ ਵਿਚ ਮਲੇਸ਼ੀਆ ਨੂੰ ੪-੧ ਨਾਲ ਹਰਾਉਣਾ ਵਧੀਆ ਨਤੀਜਾ ਹੈ।

ਇਸ ਵਾਰ ਇਕ ਚੰਗੀ ਗਲ ਇਹ ਹੈ ਕਿ ਰਾਜਰ ਡਾਨੇਟ ਟਰਾਫੀ (ਦੂਜਾ ਸੰਸਾਰ ਕਪ) ਟੂਰਨਾਮੈਂਟ ਐਸਟਰੋਟਰਫ 'ਤੇ ਹੋ ਰਿਹਾ ਹੈ। ਪਿਛਲੀ ਵਾਰ ਮੀਂਹਾਂ ਦੇ ਇਸ ਦੇਸ਼ ਵਿਚ ਕੁਦਰਤੀ ਘਾਹ ਵਾਲੇ ਮੈਦਾਨ ਤੇ ਖੇਡੇ ਗਏ ਮੈਚਾਂ ਦਾ ਸੁਆਦ ਨਹੀਂ ਸੀ ਆਇਆ।

ਗਿਆਨੀ ਜ਼ੈਲ ਸਿੰਘ ਦਾ ਸੁਆਗਤ

ਨਵੀਂ ਦਿੱਲੀ ੨੯ ਜੁਲਾਈ ਅੱਜ ਲਗਭਗ ੨੦੦ ਨਾਮਧਾਰੀ ਸਿੱਖਾਂ ਦੇ ਇਕ ਵਫਦ ਨੇ ਰਾਸ਼ਟਰਪਤੀ ਭਵਨ ਵਿਚ, ਭਾਰਤ ਦੇ ਨਵੇਂ ਬਣੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਹਾਰਦਿਕ ਅਭਿਨੰਦਨ ਕੀਤਾ। ਰਾਸ਼ਟਰਪਤੀ ਭਵਨ ਦੇ ਦਖਣੀ ਘਾ ਦੇ ਲਾਅਣ ਵਿਚ ਆਯੋਜਿਤ ਇਕ ਸਾਦਾ ਜਿਹੇ ਸਮਾਰੋਹ ਵਿਚ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਮਨਮੋਹਣੇ ਛੋਟੇ ਛੋਟੇ ਬਚਿਆਂ ਨੇ ਦੇਹ ਸ਼ਿਵਾ ਬਰ ਮੋਹਿ ਇਹ ਹੈ ਦਾ ਸ਼ਬਦ ਸੁੰਦਰ ਧੁੰਨ ਵਿਚ ਗਾਇਆ। ਇਸ ਸਮੇਂ ਸਭ ਹਾਜ਼ਰ ਦਰਸ਼ਕਾਂ ਅਤੇ ਸਰਕਾਰੀ ਅਧਿਕਾਰੀਆਂ ਨੇ ਅਪਣੇ ਜੋੜੇ ਉਤਾਰੇ ਹੋਏ ਸਨ। ਨਾਮ-ਧਾਰੀ ਦਸਤਾਰਾਂ ਅਤੇ ਵੇਸ ਭੂਸ਼ਾਂ ਵਿਚ ਸੁਸਜਿਤ ਇਹ ਛੋਟੇ ਛੋਟੇ ਪਾੜ੍ਹੂ, ਬਹੁਤ ਆਕਰਸ਼ਕ ਲਗ ਰਹੇ ਸਨ। ਇਹਨਾਂ ਬੱਚੇ ਬੱਚੀਆਂ ਨੂੰ ਵਿਸ਼ੇਸ਼ ਤੌਰ ਤੇ ਸਕੂਲ ਦੀਆਂ ਸਯੋਗ ਅਧਿਆਪਕਾਵਾਂ ਨੇ ਜੋ ਸਿਖਿਆ ਦਿੱਤੀ ਹੈ ਉਹ ਅੱਜ ਦਾ ਇਕ ਸਾਂਸਕ੍ਰਿਤਕ ਪ੍ਰਦਰਸ਼ਨ ਉਸਦਾ ਪ੍ਰਤੱਖ ਸਬੂਤ ਸੀ। ਗਿਆਨੀ ਜ਼ੈਲ ਸਿੰਘ ਨੇ ਬਚਿਆਂ ਨੂੰ ਪਿਆਰ ਦਿਤਾ। ਉਹਨਾਂ ਦੇ ਹਾਰ ਉਹਨਾਂ ਦੇ ਗਲਾਂ ਵਿਚ ਹੀ ਪਾ ਕੇ ਤਸਵੀਰਾਂ ਖਿਚਵਾਈਆਂ। ਉਸ ਤੋਂ ਬਾਅਦ ਗਿਆਨੀ ਜੀ ਨੇ ਹਰ ਇਕ ਵਿਅਕਤੀ ਕੋਲ ਜਾ ਕੇ ਅਭਿਨੰਦਨ ਸਵੀਕਾਰ ਕੀਤਾ। ਹਾਰ ਗਲੇ ਵਿਚ ਪੁਆਏ। ਹੱਥ ਮਿਲਾਏ ਅਤੇ ਵਧਾਈ ਕਬੂਲ ਕੀਤੀ। ਇਸੇ ਸਮੇਂ ਹੀ ਸੰਤ ਤੇਜਾ ਸਿੰਘ ਕੰਵਲ ਨੇ ਗਿਆਨੀ ਜੀ ਬਾਰੇ ਲਿਖੀ ਆਪਣੀ ਇਕ ਕਵਿਤਾ ਵੀ ਪੜ੍ਹ ਕੇ ਸੁਣਾਈ। ਇਹ ਪ੍ਰਤੀਨਿਧ ਮੰਡਲ ਸ: ਹਰਵਿੰਦਰ ਸਿੰਘ ਹੰਸਪਾਲ ਜੀ ਦੀ ਅਗਵਾਈ ਵਿਚ ਗਿਆ ਸੀ ਅਤੇ ਇਸ ਵਿਚ ਸੇਠ ਤ੍ਰਿਲੋਕ ਸਿੰਘ ਜੀ, ਸੇਠ ਸੇਵਾ ਸਿੰਘ ਜੀ ਤੰਬੂਆਂ ਵਾਲੇ, ਸੇਠ ਸੁਰਿੰਦਰ ਸਿੰਘ ਮਨਚੰਦਾ, ਸ: ਜਗਦੀਸ਼ ਸਿੰਘ 'ਵਰਿਆਮ' ਅਵਤਾਰ ਸਿੰਘ ਅੰਮ੍ਰਿਤਸਰ, ਸੁਰਿੰਦਰ ਸਿੰਘ ਲੁਧਿਆਣਾ, ਪੰਡਤ ਹਰਭਜਨ ਸਿੰਘ ਜੀ ਭੱਲ, ਜਥੇਦਾਰ ਸੇਵਾ ਸਿੰਘ, ਗੁਰਦੀਪ ਸਿੰਘ ਜੀ ਦਿੱਲੀ, ਸ: ਗੁਰਦੀਪ ਸਿੰਘ, ਹਰਮੀਤ ਸਿੰਘ ਢੋਡਾ, ਜੰਗ ਬਹਾਦਰ ਸਿੰਘ, ਬਲਦੇਵ ਸਿੰਘ ਯੂਥ ਕਾਂਗਰਸ ਲੀਡਰ, ਸ: ਕਰਤਾਰ ਸਿੰਘ ਬਿਜਲੀ ਵਾਲੇ, ਸ: ਬਲਵੰਤ ਸਿੰਘ ਖਜ਼ਾਨਚੀ, ਸ: ਸਾਧਾ ਸਿੰਘ ਮੁਹਾਰ ਸ: ਹਰਬੰਸ ਸਿੰਘ ਮੁਹਾਰਾਂ ਵਾਲੇ, ਆਦਿਕ ਸ਼ਾਮਲ ਸਨ।

ਕਰਨਾਲ ਵਿਚ ਸਾਹਿਤਕ ਸਰਗਰਮੀਆਂ

ਕਲਾਕਾਰ ਲੇਖਕ ਮੰਡਲ ਕਰਨਾਲ ਵਲੋਂ ਪਿਛਲੇ ਦਿਨੀਂ ਦੋ ਭਰਪੂਰ ਇਕਤਰਤਾਵਾਂ ਹੋਈਆਂ। ੨-੮-੮੧ ਨੂੰ ਸ੍ਰੀ ਇੰਦਰਜੀਤ ਸਿੰਘ ਨਾਜ਼ ਪ੍ਰਿੰਸੀਪਲ ਗਵਰਨਮੈਂਟ ਕਾਲਜ ਦੀ ਪ੍ਰਧਾਨਗੀ ਹੇਠ ਤੇ ੯-੩-੮੧ ਨੂੰ ਕਰਨਾਲ ਦੇ ਬਹੁ-ਪ੍ਰਸਿਧ ਪੰਜਾਬੀ ਉਰਦੂ, ਹਿੰਦੀ ਦੇ ਕਵੀ 'ਅਵਧ ਮੇਲ' ਰਾਏ ਬਰੇਲੀ ਦੇ ਐਡੀਟਰ ਸ: ਕਰਨੈਲ ਸਿੰਘ 'ਪੰਛੀ' ਦੀ ਪ੍ਰਧਾਨਗੀ ਹੇਠ। ਮੰਡਲ ਦੇ ਹੇਠ ਲਿਖੇ ਹੋਈ ਮੁਖੀਆ ਦੀ ਚੋਣ ਸਰਬ ਸੰਮਤੀ ਨਾਲ ਹੋਈ। ਪ੍ਰਧਾਨ ਸ੍ਰੀ ਜੋਗਿੰਦਰ ਕੁਮਾਰ ਪੁੰਜ ਐਮ. ਏ., ਮੀਤ ਪ੍ਰਧਾਨ ਬੀਬੀ ਦਿਲਜੀਤ ਕੌਰ ਐਮ. ਏ., ਵਾਈਸ ਪ੍ਰਿੰਸੀਪਲ ਟੈਗੋਰ ਨਿਕੇਤਨ, ਜਨਰਲ ਸਕਤਰ ਸ਼ੁਕਰ ਸਿੰਘ, ਖਜ਼ਾਨਚੀ ਸ੍ਰੀ ਓਮ ਪ੍ਰਕਾਸ਼ ਐਮ, ਏ.।

'ਸੁਮੇਰ' (ਸ: ਕਰਤਾਰ ਸਿੰਘ ਜੀ) ਨੂੰ ਸਭ ਸਜਣਾਂ ਦੀ ਅਤੀਤ ਭਾਵਨਾ ਅਨੁਸਾਰ ਇਸ ਮੰਡਲ ਦਾ ਸਰਪ੍ਰਸਤ ਚੁਣਿਆ ਗਿਆ।

ਉਪਰੋਕਤ ਮੁਖੀਆਂ ਨਾਲ ਕੰਮ ਚਲਾਊ (ਐਗਜ਼ੈਕ-ਟਿਵ) ਸਲਾਹਕਾਰ ਚੁਣੇ ਗਏ। ਸ: ਮਹਿੰਦਰ ਸਿੰਘ ਸਚਦੇਵ ਬੀ. ਏ., ਸ: ਹਰਭਜਨ ਸਿੰਘ ਧਰਨਾ, ਸ: ਸੰਤੋਖ ਸਿੰਘ ਮਹਿਰਮ, ਸ: ਸਾਹਿਬ ਸਿੰਘ ਸੁਖ ਐਮ. ਐਸ. ਸੀ., ਸ: ਨਿਸ਼ਾਨ ਸਿੰਘ ਨਿਸ਼ਾਨ, ਗਿਆਨੀ ਕਰਨੈਲ ਸਿੰਘ ਐਮ. ਏ., ਸ: ਦਰਸ਼ਨ ਸਿੰਘ 'ਦੋਸ਼ੀ' ਬੀ, ਏ.।

ਇਸ ਅਵਸਰ ਤੇ ਕਰਨਾਲ ਦੇ ਚੋਟੀ ਦੇ ਸਾਹਿਤਕਾਰ ਹਾਜ਼ਿਰ ਸਨ ਤੇ ਪ੍ਰੋਗਰਾਮ ਬੇਹਦ ਦਿਲਚਸਪ।

ਸ਼ੁੱਕਰ ਸਿੰਘ
ਜਨਰਲ ਸਕੱਤਰ

ਸਿਲਸਿਲੇਵਾਰ

ਬੀਤੇ ਦੀਆਂ ਪੈੜਾਂ

(ਲੜੀ ਜੋੜਨ ਲਈ ਅਪਰੈਲ ੧੯੯੨ ਅੰਕ ਵੇਖੋ)

—ਪ੍ਰੀਤਮ ਸਿੰਘ ਕਵੀ

੧੧ ਫਰਵਰੀ ੧੯੭੮ ਸ਼ਨੀਵਾਰ ਨਵੀਂ ਦਿੱਲੀ

ਚਲਦਾ ਬਿਰਤਾਂਤ : ਸੰਤ ਗਿਆਨ ਸਿੰਘ ਨਮਿਤ ਭੋਗ

ਭੋਗ ਦੇ ਸਲੋਕਾਂ ਦੌਰਾਨ ਸ: ਸੁਲੱਖਣ ਸਿੰਘ ਆਪਣੇ ਪਰਵਾਰ ਜਨਾਂ ਨਾਲ ਫਲ, ਬਾਦਾਮ ਆਦਿ ਪ੍ਰਸਾਦ ਨਾਲ ਹੋਰ ਭੇਟਾ ਲੈ ਕੇ ਆਇਆ। ਸੁਲੱਖਣ ਸਿੰਘ ਤਾਂ ਸਫੈਦ ਕੋਟ ਪੈਂਟ ਵਿਚ ਸੀ ਪਰ ਉਨ੍ਹਾਂ ਦਾ ਲੜਕਾ——ਸਿੰਘ ਨਾਮਧਾਰੀ ਬਸਤਰਾਂ ਵਿਚ ਸੁਸੱਜਤ ਥੀ। ਪਤਨੀ ਤੇ ਲੜਕੀਆਂ ਨੇ ਵੀ ਕੁਰਤੇ ਤੇ ਚੂੜੀਦਾਰ ਸੁਥਣਾਂ ਪਹਿਨੀਆਂ ਹੋਈਆਂ ਸਨ।

ਕੀਰਤਨਕਾਰ ਸ੍ਰੀ ਹਰਭਜਨ ਸਿੰਘ ਤੇ ਗੁਰਦੇਵ ਸਿੰਘ ਸਨ। ਸੁਰਿੰਦਰ ਸਿੰਘ 'ਸੁਮਨ' ਵੀ ਸਹਾਇਕ ਤੇ 'ਗੋਬਿੰਦ ਕੇ ਗੁਣ' ਗਾਉਣ ਵਾਲਾ ਸੀ। ਸੰਤ ਸਨਖਤਰਾ ਤੇ ਕੁਝ ਹੋਰ ਸੱਜਣਾਂ ਨੇ ਭੋਗ ਪਾਏ।

ਮਕਾਨ ਭੇਟ ?

ਸਤਿਗੁਰੂ ਜੀ ਪਾਸ ਹਰਵਿੰਦਰ ਸਿੰਘ ਹੰਸਪਾਲ ਹੁਰਾਂ ਬੇਨਤੀ ਕੀਤੀ ਉਹ ਸੱਜਣ ਜਿਸ ਨੇ ਆਪਣਾ ਮਕਾਨ ਆਪ ਨੂੰ ਏਥੇ ਭੇਟਾ ਕਰਨਾ ਸੀ, ਉਹ ਸ਼ਾਇਦ ਮਨੋਂ ਆਪਣੀ ਜਗਾਹ ਛੱਡ ਗਿਆ ਹੈ। ਸਤਿਗੁਰਾਂ ਬਚਨ ਕੀਤਾ : ਤਾਂ ਕੀ ਹੋਇਆ। ਪਰ ਅਸਾਂ ਉਸ ਦੀ ਸੇਵਾ ਕਰਨੀ ਹੈ। ਜੇ ਮਕਾਨ ਦੇਵੇ ਤਾਂ ਵੀ, ਜੇ ਨਾ ਦੇਵੇ ਤਾਂ ਵੀ। ਤੁਸੀਂ ਉਸ ਦੇ ਦੋ ਵੇਲੇ ਦੇ ਪ੍ਰਸ਼ਾਦ ਪਾਣੀ ਦਾ ਪ੍ਰਬੰਧ ਕਰੋ।

ਫਿਰ ਸੰਤ ਅਮਰ ਸਿੰਘ ਨਿਰਮਾਣ ਨੇ ਆ ਕੇ ਸਤਿਗੁਰਾਂ ਨੂੰ ਦਸਿਆ : ਉਹ ਸਿੰਘ ਠੀਕ ਠਾਕ ਹੈ। ਜਿਥੇ ਖਲੋਤਾ ਸੀ ਉਥੇ ਹੀ ਹੈ। ਅਰਥਾਤ ਉਸ ਵਲੋਂ ਮਕਾਨ ਭੇਟ ਹੀ ਹੈ।

ਫਰਮਾਣ ਸ੍ਰੀ ਸਤਿਗੁਰੂ ਜੀ ਦਾ

ਸਮਾਗਮ ਬੜੀ ਭਰਪੂਰਤਾ ਨਾਲ ਚਲ ਰਿਹਾ ਸੀ। ਸਤਿਗੁਰੂ ਜੀ ਨੇ ਥੋੜ੍ਹੇ ਸਮੇਂ ਲਈ ਸੰਗਤ ਨੂੰ ਸੰਬੋਧਨ ਕੀਤਾ : (ਸੰਖੇਪ) ਮਨਬਿਰਤੀ ਇਕਾਗਰ ਕਰਨ ਲਈ ਗੱਜ ਕੇ ਆਖੋ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ। ਇਹ ਇਸ ਵਾਸਤੇ ਆਖਿਆ ਹੈ ਕਿ ਗੁਰਬਾਣੀ ਵਿਚ ਆਇਆ ਹੈ, ਬੇਦ ਬੜਾ ਕਿ ਜਹਾਂ ਤੇ ਆਇਆ ?

ਲੱਖਾਂ ਵੇਦ ਇਕੱਠੇ ਕੀਤੇ ਜਾਣ ਤਾਂ ਉਹ ਇਕ ਵੇਦ ਰਚਨਹਾਰ ਨਹੀਂ ਬਣਾ ਸਕਦੇ ! ਸਤਿਗੁਰੂ ਦਾ ਹੁਕਮ ਤਾਂ



ਸਤਿਗੁਰੂ ਜਗਜੀਤ ਸਿੰਘ ਜੀ

ਇਹ ਹੈ ਕਿ ਬ੍ਰਹਮਾ ਬਡਾ ਕਿ ਜਾਸ ਉਪਾਇਆ ?......

ਸੰਤ ਗਿਆਨ ਸਿੰਘ ਹੁਰਾਂ ਦਾ ਆਪਣੇ ਸਤਿਗੁਰੂ ਪ੍ਰਤਾਪ ਸਿੰਘ ਜੀ ਉਤੇ ਏਨਾ ਅਡੋਲ ਵਿਸ਼ਵਾਸ ਸੀ ਕਿ ਉਹ ਕਦੇ ਡੋਲਣ ਵਿਚ ਨਹੀਂ ਆਇਆ। ਉਹ ਨਾਮਧਾਰੀ ਮਾਣ ਮਰਿਯਾਦਾ ਵਿਚ ਜ਼ਿੰਦਗੀ ਭਰ ਪੂਰੇ ਰਹੇ। ਮੈਂ ਵੇਖਿਆ ਹੈ ਹੈ ਕਿ ਉਹ ਆਸਾ ਦੀ ਵਾਰ ਵਿਚ ਜਿਥੇ ਵੀ ਕੀਰਤਨ ਹੁੰਦਾ ਉਥੇ ਹੀ ਪਹੁੰਚਦੇ ਸਕੇਸ਼ ਇਸ਼ਨਾਨ ਕਰਕੇ। ਸਾਡੇ ਪ੍ਰੇਰਕ ਹਨ ਗੁਰੂ ਗੋਬਿੰਦ ਸਿੰਘ ਜੀ ਜਿਹੜੇ ਜੰਗਾਂ ਜੁੱਧਾਂ ਵਿਚਾਲੇ ਵੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਜ਼ਰੂਰ ਸੁਣਦੇ।

ਆਵਨ ਆਏ ਸ੍ਰਿਸਟਿ ਮਹਿ
ਬਿਨ ਬੂਝੇ ਪਸੁ ਢੋਰ

ਸਾਨੂੰ ਸਤਿਗੁਰੂ ਜੀ ਦੇ ਇਸ ਬਚਨ ਤੇ ਵਿਸ਼ਵਾਸ ਨਾਲ ਚਲਣਾ ਤੇ ਵਿਚਾਰ ਕਰਦੇ ਰਹਿਣਾ ਚਾਹੀਦਾ ਹੈ।

ਇਹ ਤਾਂ ਬੁਝਣਾ ਹੀ ਚਾਹੀਦਾ ਹੈ ਕਿ ਸਾਨੂੰ ਇਹ ਮਨੁੱਖ ਸਰੀਰ ਕਾਹਦੇ ਲਈ ਮਿਲਿਆ ਹੈ । ਅਸੀਂ ਦੁਨੀਆਂ ਵਿਚ ਕਾਹਦੇ ਵਾਸਤੇ ਆਏ ਹਾਂ ।

ਵੋਟਾਂ ਦੇ ਮਜਮੇ, ਸਿਨਮੇ ਅਤੇ ਹੋਰ ਅਜਿਹੀਆਂ ਥਾਵਾਂ ਤੇ ਅਸੀਂ ਉਪਰਲੀ ਕਿਸਮ ਦੀ ਵਿਚਾਰ ਨਹੀਂ ਕਰ ਸਕਦੇ । ਅਸਲ ਵਿਚ ਅਸੀਂ ਨਿਸ਼ਾਨਿਓਂ ਹੀ ਖੁੰਝ ਗਏ ਹਾਂ । ਮੁਸਲਮਾਨਾਂ ਤੋਂ ਸਿਖਣਾ ਚਾਹੀਦਾ ਹੈ ਕਿ ਉਹ ਤਾਜੀਆਂ ਵਿਚ ਕਿਵੇਂ ਦੀ ਭਾਵਨਾ ਰਖਦੇ ਹਨ । ਸਰਹੰਦ ਵਿਚ ਸਤਗੁਰਾਂ ਦੇ ਸਾਹਿਬਜ਼ਾਦਿਆਂ ਦਾ ਦਿਨ ਮਨਾਂਦਿਆਂ ਇਹ ਭਾਵਨਾ ਉਥੇ ਵੇਖਣ ਵਿਚ ਨਹੀਂ ਆਉਂਦੀ ।

ਅਸੀਂ ਆਪਣੇ ਅਪਰਾਧ ਚੇਤੇ ਨਹੀਂ ਕਰਦੇ । ਪਰ ਸਤਿਗੁਰੂ ਜੀ ਸਾਨੂੰ ਕਬੀਰ ਜੀ ਰਾਹੀਂ ਚੇਤਾਉਂਦੇ ਹਨ :

ਗੋਬਿੰਦ ! ਹਮ ਐਸੇ ਅਪਰਾਧੀ ।
ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ
ਤਿਨਕੀ ਭਾਉ ਭਗਤਿ ਨਹੀ ਸਾਧੀ ।

ਪਰਧਨ, ਪਰਤਨ, ਪਰਤੀ ਨਿੰਦਾ
ਪਰ ਅਪਬਾਦੁ ਨ ਛੂਟੇ ।

ਆਵਾ ਗਵਨੁ ਹੋਤੁ ਹੈ ਫੁਨਿ ਫੁਨਿ
ਇਹ ਪਰਸੰਗੁ ਨਾ ਤੂਟੇ ।

ਜਿਹ ਘਰ ਕਥਾ ਹੋਤ ਹਰਿ ਸੰਤਨ
ਇਕ ਨਿਮਖ਼ ਨਾ ਕੀਨੋ ਮੈ ਫੇਰਾ ।

ਲੰਪਟ, ਚੋਰ, ਦੂਤ, ਮਤਵਾਰੇ
ਤਿਨ ਸੰਗਿ ਸਦਾ ਬਸੇਰਾ ।

ਐਸੀ ਦਸ਼ਾ ਵਿਚ ਰਹਿੰਦਿਆਂ ਅਸੀਂ ਕਦੋਂ ਆਪਣੇ ਮੰਤਵਾਂ ਬਾਰੇ ਕੁਝ ਸੋਚ ਸਕਦੇ ਹਾਂ ।

ਇਹਨਾਂ ਗੱਲਾਂ ਦਾ ਹੀ ਪ੍ਰਭਾਵ ਹੈ ਕਿ ਸਾਡੇ ਲੇਖਕ ਕਈ ਕ੍ਰਾਂਤੀਪੂਰਣ ਗਲਾਂ ਲਿਖ ਜਾਂਦੇ ਹਨ ਜਿਵੇਂ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਨੂੰ ਅੰਤ ਸਮੇਂ ਮਮਿਆਈ ਆਦਿ ਖਾਣ ਪੀਣ ਨੂੰ ਦਿਤੀ ਗਈ ਤਾਕਿ ਉਹ ਘਾਬਰਨ ਨਾ । ਅਜਿਹੀਆਂ ਲਿਖਤਾਂ ਬੰਦ ਕਰਨੀਆਂ ਚਾਹੀਦੀਆਂ ਹਨ ।

ਅਜ ਕਲ੍ਹ ਬਹੁਤੇ ਗੰਦੇ ਮੰਦੇ ਰੀਕਾਰਡ ਹੀ ਸੁਣਨ ਵਿਚ ਆ ਰਹੇ ਹਨ । ਗੁਰਬਾਣੀ ਜਾਂ ਚੰਗਾ ਸਿਖੀ ਜੀਵਨ ਦੇ ਪ੍ਰੇਰਕ ਰਿਕਾਰਡ ਬਹੁਤ ਹੀ ਘੱਟ ।

ਅਸਾਨੂੰ ਗੁਰੂ ਬਾਣੀ ਤੇ ਗੁਰੂ ਆਸ਼ੇ ਨਾਲ ਜੀਵਨ ਢਾਲਣਾ ਚਾਹੀਦਾ ਹੈ । ਬਾਬਾ ਗਿਆਨ ਸਿੰਘ ਉਚੇ ਚਰਿੱਤਰ ਦੇ ਮਾਲਿਕ ਸਨ । ਅਤੇ ਸਾਨੂੰ ਉਨ੍ਹਾਂ ਦੇ ਜੀਵਨ ਦੀ ਪਵਿ-ਤਰਤਾ ਵਰਗਾ ਹੀ ਜੀਵਨ ਬਿਤਾਣਾ ਚਾਹੀਦਾ ਹੈ ।

ਜੀਵਨ ਖੇਤਰ ਵਿਚੋਂ ਜਦੋਂ ਅਸਾਂ ਜਾਣਾ ਹੈ ਤਾਂ ਸਾਡਾ ਚਰਿਤਰ ਐਸਾ ਹੋਵੇ ਕਿ ਸਾਨੂੰ ਰੇ ਰੇ ਦਰਗਹ ਕਹੈ ਨਾ ਕੋਊ । ਆਉ ਬੈਠ ਆਦਰ ਸੁਭ ਦੇਊ ਵਾਲੀ ਗੱਲ ਬਣੇ ।

ਦਸਤਾਰ ਬੰਦੀ

ਉਪਰੰਤ ਸ੍ਰ: ਸੁਲੱਖਣ ਸਿੰਘ ਨੇ ਬੇਨਤੀ ਕੀਤੀ ਕਿ ਉਹਨਾਂ ਨੂੰ ਪਿਤਾ ਦੀ ਜਾਨਸ਼ੀਨੀ ਦੀ ਦਸਤਾਰ ਬੰਨ੍ਹੀ ਜਾਏ । ਸਤਿਗੁਰੂ ਜੀ ਦੇ ਇਰਦ-ਗਿਰਦ ਅਨੇਕਾਂ ਸਿਖ ਅਤੇ ਸ: ਸੁਲਖਣ ਸਿੰਘ ਦੇ ਸਬੰਧੀ ਖਲੋ ਗਏ । ਸਤਿਗੁਰੂ ਜੀ ਨੇ ਬਚਨ ਕੀਤਾ : ਆਪ ਹੀ ਬੰਨ੍ਹ ਲੋ ਮੇਰੇ ਸਾਹਮਣੇ ।


ਸ: ਸੁਲਖਣ ਸਿੰਘ

ਉਸ ਨੇ ਫਿਰ ਪ੍ਰਾਰਥਨਾ ਕੀਤੀ : ਆਪ ਕ੍ਰਿਪਾ ਕਰੋ ।

ਫਰਮਾਇਆ : ਮੇਰੇ ਪੱਗ ਬਨਾਣ ਦਾ ਤਾਂ ਹੀ ਸੁਆਦ ਹੈ ਜੇ ਫੇਰ, ਪੱਗ ਸਿੱਧੀ ਹੀ ਰਹੇ । ਸਿੱਖਾਂ ਨੇ ਅਰਜ਼ ਕੀਤੀ : ਆਪ ਜੀ ਦੀ ਕ੍ਰਿਪਾ ਰਹੀ ਤਾਂ ਐਸੀ ਹੀ ਰਹੇਗੀ ।

"ਕਿਰਪਾ ਰਹਿਣ ਦੀ ਗੱਲ ਨਹੀਂ ਕਿਰਪਾ ਤਾਂ ਤੂੰ ਆਪ ਹੀ ਆਪਣੇ ਤੇ ਕਰਨੀ ਹੈ । ਮੈਂ ਤਾਂ, ਤਾਂ ਹੀ ਦਸਤਾਰ ਬੰਨ੍ਹਾਂਗਾ ਜੇ ਪ੍ਰਪੱਕ ਰਹੇਂ ।"

ਸੁਲਖਣ ਸਿੰਘ ਨੇ ਦੁਬਿਧਾ ਵਿਚ ਹਾਂ ਕਰ ਦਿਤੀ ।

ਸਤਿਗੁਰੂ ਜੀ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਾਈਸ ਪ੍ਰੈਜ਼ੀਡੈਂਟ ਦੇ ਸਿਰ ਤੇ ਸੱਜੀ ਪਗੜੀ ਨੂੰ ਇਕ ਇਕ ਪੇਚ ਕਰਕੇ ਲਹਿਆ ਅਤੇ ਫਿਰ ਕੋਰੀ ਪਗ ਨੂੰ ਕੋਮਲ ਹਸਤ ਕਵਲਾਂ ਦੁਆਰਾ ਚਿਣ ਕੇ ਇਕ ਲੜ ਲੈ ਕੇ ਨਾਮਧਾਰੀ

ਢੰਗ ਨਾਲ ਉਸ ਦੇ ਸਿਰ ਤੇ ਦਸਤਾਰ ਸੁਜਾਈ।

ਸਾਰਾ ਆਲਾ ਦੁਆਲਾ ਇਕਾਗਰ ਤੇ ਸ਼ਾਂਤ ਚਿਤ ਹੋ ਵੇਖਦਾ ਰਿਹਾ।

ਦਸਤਾਰਬੰਦੀ ਉਪਰੰਤ ਸ੍ਰੀ ਸਤਿਗੁਰੂ ਜੀ ਨਿਕਟੀ ਸਿੱਖਾਂ ਸੇਵਕਾਂ ਸਮੇਤ ਪੰਡਾਲ 'ਚੋਂ ਬਾਹਰ ਨਿਕਲ ਕਾਰ ਸਵਾਰ ਹੋ ਸਿੱਧੇ ਸ੍ਰੀ ਭੈਣੀ ਸਾਹਿਬ ਪ੍ਰਸਥਾਨ ਕਰ ਗਏ ਅਤੇ ਪਿਛੇ ਸੰਗਤ ਜੋ ਦੋ ਹਜ਼ਾਰ ਦੇ ਲਗਭਗ ਸੀ ਲੰਗਰ ਅਤੇ ਕੜਾਹ ਪ੍ਰਸਾਦਿ ਛਕਣ ਲਈ ਪੰਗਤਾਂ ਲਗਾ ਕੇ ਬੈਠ ਗਈ। ਸਤਿਗੁਰੂ ਜੀ ਨੇ ਤੁਰਨ ਲਗਿਆਂ ਮੈਨੂੰ ਕਲ੍ਹ ਰਾਤ ਤਕ ਜਲੰਧਰ ਪਹੁੰਚਣ ਦਾ ਆਦੇਸ਼ ਦਿਤਾ।

ਪਰ-ਲੰਗਰ-ਪ੍ਰਸਾਦ ਵਲੋਂ ਵਿਹਲੇ ਹੁੰਦਿਆਂ ਹੀ ਮੈਨੂੰ ਸੰਤ ਗੁਰਦੀਪ ਸਿੰਘ ਸਕੱਤਰ ਨਾਮਧਾਰੀ ਧਰਮਸਾਲਾ ਨੇ ਆਗ੍ਰਹਿ ਕੀਤਾ ਕਿ ਮੈਂ ਬਸੰਤ ਦਾ ਦਿਨ ਦਿਲੀ ਵਿਚ ਰਹਾਂ ਤੇ ਧਰਮਸਾਲਾ ਵਿਚ ਮਨਾਏ ਜਾ ਰਹੇ ਬਸੰਤ ਉਤਸਵ ਵਿਚ ਭਾਗ ਲਵਾਂ। ਸਕੱਤਰ ਨੇ ਰਾਤੀਂ ਜਲੰਧਰ ਫੋਨ ਕਰ ਦਿਤਾ : ਕਵੀ ਜੀ ੧੩. ੨. ੧੯੭੮ ਨੂੰ ਬਾਅਦ ਦੁਪਹਿਰ ਕਿਸੇ ਵੇਲੇ ਪਹੁੰਚ ਜਾਣਗੇ।

੧੨ ਫਰਵਰੀ ੧੯੭੮, ਐਤਵਾਰ
ਨਵੀਂ ਦਿੱਲੀ

ਅੱਜ ਬਸੰਤ ਪੰਚਮੀ ਹੈ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਾਦਰ ਭਾਵ ਦਾ ਦਿਨ। ਉਸ ਗੁਰੂ ਦਾ ਜਨਮ ਦਿਨ ਜਿਸਨੇ ਜਿਵੇਂ ਗੁਰੂਗੋਬਿੰਦ ਸਿੰਘ ਜੀ ਨੇ ਮੁਗ਼ਲ ਸਾਮਰਾਜ ਨਾਲ ਟੱਕਰ ਲਈ ਸੀ, ਤਿਵੇਂ ਉਸ ਸਮੇਂ ਦੇ ਸਭ ਤੋਂ ਸ਼ਕਤੀਸ਼ਾਲੀ ਬ੍ਰਿਟਿਸ਼ ਸਾਮਰਾਜ ਨਾਲ ਪੁਰ ਅਮਨ ਤਰੀਕੇ ਦੀ ਲੜਾਈ ਲੜਕੇ, ਉਸਦੀਆਂ ਜੜ੍ਹਾਂ ਹਿਲਾ ਦਿਤੀਆਂ ਤੇ ਸੰਪੂਰਣ ਸੁਤੰਤਰਾ ਪ੍ਰਾਪਤ ਕਰਨ ਦੀ ਆਧਾਰ ਸ਼ਿਲਾ ਰਖੀ ਸੀ। ਗੁਲਾਮੀ ਖਿਲਾਫ਼ ਨਫ਼ਰਤ ਤਾਂ ਜਗਾਈ ਹੀ ਸਿੱਖੀ ਜੀਵਨ ਨੂੰ ਵੀ ਲੀਹਾਂ ਤੇ ਲਿਆ ਕੇ ਸੁਰਜੀਤ ਕੀਤਾ ਤੇ ਉਸਾਰਿਆ।

ਇਸ ਬਾਰੇ ਅੱਜ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਵਿਚ ਉਤਸਾਹ ਵਰਧਕ ਸਮਾਗਮ ਹੈ। ਆਸਾ ਦੀ ਵਾਰ ਦਾ ਕੀਰਤਨ ਸ੍ਰੀ ਹਰਭਜਨ ਸਿੰਘ-ਗੁਰਦੇਵ ਸਿੰਘ ਨੇ ਰਤਨ ਸਿੰਘ ਢੋਡਾ ਦੇ ਤਬਲਾਵਾਦਨ ਨਾਲ ਕੀਤਾ। ਇਸ ਵਿਚ ਛੋਟੇ ਸੰਗੀਤ ਵਿਦਿਆਰਥੀ ਵੀ ਸ਼ਾਮਲ ਸਨ।

ਮੈਂ ਵੀ ਕੀਰਤਨ ਤੋਂ ਬਾਅਦ ਗੁਰੂ ਰਾਮ ਸਿੰਘ ਜੀ ਦੇ ਜੀਵਨ, ਉਦੇਸ਼ ਤੇ ਉਸਦੀ ਪੂਰਤੀ ਲਈ ਕੀਤ ਗਏ ਅਜ ਤਕ ਦੇ ਜਤਨਾਂ ਦਾ ਸੁਾਧ ਸੰਗਤ ਵਿਚ ਸਿੰਘਾ ਵਲੋਕਨ ਕੀਤਾ।

ਸਾਰਾ ਦਿਨ ਜਥੇਦਾਰਾਂ ਦੇ ਹੱਲੇ ਦਾ ਦੀਵਾਨ ਲਗੇ ਰਹੇ। ਲੰਗਰ ਗੁਰੂ ਕਾ ਅਤੁਟ ਵਰਤਿਆ। ਇਸ ਵਿਚ ਧਰਮ-ਸਾਲਾ ਦੇ ਸਕੱਤਰ ਸੰਤ ਗੁਰਦੀਪ ਸਿੰਘ ਨੇ ਨਾਮਧਾਰੀ ਸੰਗਤੇ ਸੰਗਤ ਦੀ ਮਿਲਵਰਤੋਂ ਲੈ ਕੇ ਨਿਰਵਿਘਨਤਾ ਹਾਸਲ ਕੀਤੀ।

ਅਸਮਾਨ ਤਾਂ ਰਾਤ ਤੋਂ ਹੀ ਦਿਆਲੂ ਸੀ। ਦੂਰ ਉਠਿਆ। ਹਲਕੀ ਜਿਹੀ ਬੂੰਦਾ ਬਾਂਦੀ ਹੋ ਗਈ। ਮੈਂ ਅਤੇ ਗੁਰਦੇਵ ਸਿੰਘ ਫੁਹਾਰ ਵਿਚ ਭਿਜਦੇ ਸੜਕ ਤੇ ਖਲੋਤੇ ਸਾਂ ਕਿ ਸ੍ਰੀ ਅਮਰ ਭਾਰਤੀ, ਮੇਰੀ ਘਰੇ ਰਹਿ ਗਈ ਐਨਕ ਲੈਕੇ ਆ ਗਏ ਤੇ ਉਹਨਾਂ ਦੇ ਹੀ ਮੋਟਰ ਸਾਈਕਲ ਤੇ ਬੈਠ ਕੇ ਉਸ-ਤਾਦ ਅਮਜਦ ਅਲੀ ਦੇ ਮਕਾਨ ਦੇ ਪੰਚਸ਼ੀਲ ਐਨਕਲੇਵ ਵਿਚ ਜਾ ਪਹੁੰਚੇ। ਗੁਰਦੇਵ ਸਿੰਘ ਨੇ ਬੰਬਈ ਵਿਚ ਹੋ ਰਹੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸ਼ਾਸਤਰੀ ਸੰਗੀਤ ਸਮੇਲਨ ਦੇ ਕਲਾਕਾਰਾਂ ਬਾਰੇ ਆਪਣੇ ਉਸਤਾਦ ਤੋਂ ਕੁਛ ਜਾਣਕਾਰੀ ਲੈਣੀ ਸੀ।

ਬਰਸਾਤ ਵਿਚ ਠੰਢੇ ਤੱਤੇ ਹੁੰਦੇ ਹੀ ਉਸਤਾਦ ਜੀ ਦੇ ਘਰ ਪੁੱਜੇ। ਉਹ ਆਪਣੇ ਰਿਆਜ਼ ਕਮਰੇ ਵਿਚ ਸਰੋਦ-ਮਗਨ ਸਨ। ਉਹਨਾਂ ਦੀਆਂ ਸ਼ੇਰਵਾਨੀਆਂ ਸਿਉਣ ਵਾਲੇ ਸੱਜਣ ਨੇ ਤਬਲੇ ਤੇ ਠੇਕਾ ਲਗਾ ਰਖਿਆ ਸੀ। ਨੌਜਵਾਨ ਤੇ ਸਰੋਦ ਸਮਰਾਟ ਉਸਤਾਦ ਨੇ ਸਾਡਾ ਆਉਣਾ ਖੁਲ੍ਹੇ ਮਨ ਪਰਵਾਨ ਕਰਕੇ ਸੰਗੀਤ ਅੰਮ੍ਰਿਤ ਪਾਨ ਕਰਵਾਇਆ। ਇਕ ਦੀਵਾਨ ਸਾਹਿਬ ਜੋ ਕੈਨੇਡਾ ਵਿਚ ਰਹਿੰਦੇ ਏਥੇ ਆ ਮਿਲੇ ਮੇਰੀ ਨਾਮਧਾਰੀ ਦਸਤਾਰ ਵੇਖਕੇ ਮੁਗਧ ਹੋ ਗਏ : ਮੈਂ ਅਜ ਅਜਿਹੀ ਦਸਤਾਰ ਜ਼ਰੂਰ ਸਜਾਣੀ ਚਾਹੁੰਦਾ ਹਾਂ, ਮੇਰਾ ਜੀ ਚਾਹੁੰਦਾ ਹੈ। ਮੈਂ ਕਿਹਾ : ਜ਼ਰੂਰ ਬਣੇਗੀ ਜੋ ਤੁਸੀਂ ਸੋਚਦੇ ਹੋ। ਮਨੁਖ ਆਪਣੀ ਸੋਚ ਦੇ ਪੰਧੇ ਪਿਆ ਹੀ ਅਜ ਤਕ ਦਾ ਕਲਚਰਲ ਸਫਰ ਤੈ ਕਰ ਸਕਿਆ।

ਫਿਰ, ਉਸਤਾਦ ਨੇ ਆਪਣੇ ਸ਼ਾਗਿਰਦ ਗੁਰਦੇਵ ਸਿੰਘ ਨੂੰ ਸਰੋਦ ਉਤੇ ਇਕ ਦੋ ਤੋੜੇ ਸਮਝਾਏ ਤੇ ਉਸਨੂੰ ਇਕ ਹੋਰ ਸਰੋਦ ਫੜਾ ਕੇ, ਨਾਲ ਆਪ ਵਜਾ ਕੇ ਬਾਗੇਸ਼ਰੀ ਦੀਆਂ ਕੁਛ ਔਖੀਆਂ ਸਰਗਮਾਂ ਸਮਝਾਈਆਂ। ਮੈਂ ਵੇਖਿਆ ਕਿ ਉਸਤਾਦ ਅਮਜਦ ਅਲੀ ਉਸਤਾਦ ਆਪਣੇ ਨਾਮਧਾਰੀ ਸ਼ਾਗਿਰਦ ਤੇ ਐਸਾ ਰੀਝਿਆ ਹੋਇਆ ਹੈ ਕਿ ਆਪ ਸਟਰੋਕ

ਲਾਕੇ, ਵਜਾ ਕੇ, ਬਾਰ ਬਾਰ ਦਸਕੇ, ਉਸਨੂੰ ਹਾਰਦਿਕ ਪ੍ਰਸੰਨਤਾ ਹੁੰਦੀ ਹੈ।

ਸ਼ਾਮੀ ੫ ਵਜੇ ਘਰ ਆਏ ਅਤੇ ੮ ਵਜੇ ਮੈਂ ਨਾਮਧਾਰੀ ਧਰਮ ਸਾਲਾ ਵਿਖੇ ਗਿਆ ਮੇਰੇ ਜਾਣ ਤੇ ਧਰਮਸਾਲਾ ਸਕੱਤਰ ਸੰਤ ਗੁਰਦੀਪ ਸਿੰਘ ਨੇ ਕਵੀ ਦਰਬਾਰ ਦੀ ਬਾਕਾਇਦਾ ਕਾਰਵਾਈ ਜਾਰੀ ਹੋਣ ਦਾ ਐਲਾਨ ਕੀਤਾ। ਹਾਲ ਸਰੋਤਿਆਂ ਦੀ ਗਹਿਮਾ ਗਹਿਮ ਨਾਲ ਭਰਪੂਰ ਸੀ।

ਹੇਠ ਲਿਖੇ ਕਵੀਜਨਾਂ ਤੇ ਗੀਤਕਾਰਾਂ ਆਪਣੀ ਕਲਾ ਦੇ ਜੋਹਰ ਦਿਖਾ ਸਰੋਤਿਆਂ ਨੂੰ ਨਿਹਾਲ ਕੀਤਾ : ਨਾਮਧਾਰੀ-ਸਾਰੇ ਸੰਤ, ਬਖਸ਼ੀਸ਼ ਸਿੰਘ, ਮੇਹਰ ਸਿੰਘ, ਤਾਰਾ ਸਿੰਘ ਅਨਜਾਨ, ਨਿਰੰਜਨ ਸਿੰਘ ਜਿਓਤੀ, ਗੁਰਬਖਸ਼ ਸਿੰਘ ਰਾਮਪੁਰੀ ਪ੍ਰੀਤਮ ਸਿੰਘ ਕਵੀ, ਦਿੱਲੀ ਦੇ ਵਿਸੇਸ਼ ਸਰਬ ਸ੍ਰੀ ਚਤਰ ਸਿੰਘ ਬੀਰ, ਸੰਸਾਰ ਸਿੰਘ ਗਰੀਬ, ਤਾਰਾ ਸਿੰਘ ਕੋਮਲ, ਕਿਰਪਾਲ ਸਿੰਘ ਹੀਰਾ, ਗੀਤਕਾਰ-ਸਰਬ ਸ੍ਰੀ ਮਹਿੰਦਰ ਸਿੰਘ ਡਡਿਆਲ ਗੁਰਦੇਵ ਸਿੰਘ ਚੌਦਿਲ ਜਲੰਧਰ ਅਤੇ ਸੁਰਿੰਦਰ ਸੁਮਨ।

ਸਟੇਜ ਦੀ ਕਾਰਵਾਈ ਮੈਂ ਮੌਜ-ਮੇਲੇ ਵਾਲੀ ਤੇ ਖੁਲਾਸੇ ਬੋਲ ਚਾਲ ਦੀ ਰਖੀ। ਸੰਗਤ ਸਤਿਗੁਰੂ ਰਾਮ ਸਿੰਘ ਜੀ ਦਾ ਜਸ ਸੁਣ-ਸੁਣ ਆਨੰਦਤ ਹੋ ਰਹੀ ਸੀ। ਇਹ ਸਾਰੀ ਕਾਰ-ਵਾਈ ੧੨.੧੫ ਤੇ ਅੱਧੀ ਰਾਤ ਜਾ ਖਤਮ ਹੋਈ। ਉਪਰੰਤ ਕੜਾਹ ਪ੍ਰਸ਼ਾਦ ਤੇ ਚਾਹਟੇ ਦੇ ਖੁਲ੍ਹੇ ਗੱਫੇ ਵਰਤੇ।

ਰਾਤੀਂ ੨ ਵਜੇ ਤਕ ਗੁਰਦੇਵ ਸਿੰਘ ਦੇ ਘਰ ਹੀ ਸੋਣਾ ਮਿਲਿਆ ਚੂੰਕਿ ਸਵੇਰੇ ਅਸਾਂ ਦੁਹਾਂ ਜਲੰਧਰ ਲਈ ਚਲਣਾ ਸੀ।

੧੩ ਫਰਵਰੀ ੧੯੭੯ ਸੋਮਵਾਰ
ਜਲੰਧਰ

ਸੇਠ ਤ੍ਰਿਲੋਕ ਸਿੰਘ ਹੁਰਾਂ ਦੀ ਇਕ ਗੱਡੀ, ਕੁਛ ਨੁਕਸਾਂ ਕਾਰਨ ਫਗਵਾੜੇ ਸੰਤ ਲਛਮਣ ਸਿੰਘ ਪਾਸ, ਡਰਾਈਵਰ ਸੰਤ ਗੁਰਚਰਨ ਸਿੰਘ ਮਲੂਵਾਲ ਲਿਜਾ ਰਿਹਾ ਸੀ ਕਿ ਸਾਥੀਆਂ ਦੇ ਤੋਰ ਸਾਨੂੰ ਦੋਹਾਂ ਨੂੰ ਹੀ ਨਾਲ ਲੇ ਗਿਆ। ਅੱਜ ਧੁੰਦ ਏਨੀ ਗਾੜੀ ਸੀ ਕਿ ਅੰਬਾਲੇ ਤਕ ਜਾਂਦਿਆਂ ਛੇ ਹਾਦਸੇ ਹੋਏ ਮਿਲੇ। ਗੱਡੀ ਦੇ ਇੰਜਨ ਵਿਚ ਗੈਸ ਭਰ ਜਾਂਦੀ ਹੋਣ ਕਰਕੇ ਕਿੰਨੀ ਵਾਰੀ ਹੀ ਰਾਹ ਵਿਚ ਰੋਕ ਕੇ ਠੀਕ ਕਰਨੀ ਪੈਂਦੀ। ਮਸਾਂ ਕਿਧਰੇ ਦੋ ਵਜੇ ਲੁਧਿਆਣੇ ਪੁੱਜੇ ਏਥੋਂ ਦੂਜੀ ਕਾਰ ਲੈਕੇ ੪ ਵਜੇ ਜਲੰਧਰ ਆਏ ਤਾਂ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਵਿਖੇ ਬਸੰਤ ਪੰਚਮੀ ਹਿਤ ਦੀਵਾਨ ਸੁਸਜਿਤ ਸੀ। ਸਤਿਗੁਰੂ ਜੀ ਨੇ ਸਟੇਜ ਤੋਂ, ਮੈਨੂੰ ਸਾਹਮਣੇ ਲੰਘਦਿਆਂ ਵੇਖ ਆਗਿਆ ਕਰ ਘੱਲੀ ਕਿ ਮੈਂ ਵੀ ਸੰਗਤ ਨੂੰ ਸੰਬੋਧਨ ਕਰ ਲਵਾਂ। ਅਤੇ ਬਿਨਾ ਇਕ ਪਲ ਆਰਾਮ ਕਰਨ ਤੋਂ ਮੰਚ ਤੇ ਆ ਖਲੋਤਾ ਤੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਕਰਨੀਆਂ ਕੁਦਰਤਾਂ ਉਤੇ ਆਪਣੇ ਵਿਚਾਰ ਦੱਸਣੇ ਸ਼ੁਰੂ ਕਰ ਦਿਤੇ। ਅਜੇ ੨੦ ਮਿੰਟ ਹੀ ਹੋਏ ਸਨ ਕਿ ਕਾਮਰੇਡ ਜਗਜੀਤ ਸਿੰਘ ਆਨੰਦ ਸੰਪਾਦਕ ਨਵਾਂ ਜ਼ਮਾਨਾ ਤੇ ਕਮਿਊਨਿਸਟ ਪਾਰਟੀ ਦੇ ਪ੍ਰਮੁਖ ਲੀਡਰ ਆ ਗਏ। ਇਹਨਾਂ ਵੀ ਮੰਚ ਨੂੰ ਮਾਣ ਦਿਤਾ। ਸਤਿਗੁਰੂ ਰਾਮ ਸਿੰਘ ਜੀ ਦੀ ਦੇਣ ਨੂੰ ਚਿਤਾਰ ਕੇ ਵਰਤਮਾਨ ਸਤਿਗੁਰੂ ਜੀ ਦੀ ਆਗਿਆ ਵਿਚ ਰਹਿ ਨਾਮਧਾਰੀ ਸਰੂਪ ਨੂੰ ਕਾਇਮ ਰਖੀ ਰਖਣ ਦੀ ਪ੍ਰੇਰਨਾ ਸਰੋਤਿਆਂ ਨੂੰ ਦਿਤੀ।

ਉਪਰੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਆਪ ਚੰਦ ਸ਼ਬਦ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ, ਉਨ੍ਹਾਂ ਦੇ ਸਿੱਖਾਂ ਦੇ ਕਾਰਨਾਮੇ ਤੇ ਵਰਤਮਾਨ ਸਮੇਂ ਦੀ ਲੋੜ ਨੂੰ ਮੁਖ ਰਖ ਸੰਗਤ ਪ੍ਰਤੀ ਸੰਬੋਧਨ ਕੀਤੇ।

ਅਤੇ ਫਿਰ ਰਾਤ ਦਾ ਸੰਗੀਤ ਸਮਾਗਮ ਜਾਰੀ ਹੋਇਆ। ਹਾਲ ਇਸਤਰੀ ਪੁਰਸ਼ਾਂ ਤੇ ਸੁਘੜ ਸਰੋਤਿਆਂ ਨਾਲ ਭਰਪੂਰ ਹੈ। ਇਕ ਖੁਲ੍ਹੇ ਮੰਚ ਨੂੰ ਸਫੈਦ ਚੱਦਰਾਂ ਨਾਲ ਢੱਕਿਆ ਗਿਆ ਹੈ ਜਿਸ ਦੇ ਪਿਛੋਕੜ ਵਿਚ 'ਸੰਗੀਤ ਕਲਾ ਮੰਚ, ਜਲੰਧਰ' ਰੋਮਨ ਅੱਖਰਾਂ ਵਿਚ ਉੱਘੜਵੀਂ ਸ਼ਕਲ ਵਿਚ ਰੂਪਮਾਨ ਹੈ। ਸਟੇਜ ਤੇ ਸੱਜੇ ਹੱਥ ਸ੍ਰੀ ਸਤਿਗੁਰੂ ਜੀ ਵਿਰਾਜ-ਮਾਨ ਹਨ। ਕੋਲਵਾਰ ਬੈਠੇ ਹਨ ਸੰਤ ਮਹਿੰਦਰ ਸਿੰਘ ਪੂਰਵਾ (ਸੇਵਕ ਤੇ ਖ਼ਜ਼ਾਨਚੀ) ਸੰਤ ਤਰਸੇਮ ਸਿੰਘ ਸਕੱਤਰ, ਸੂਬਾ ਅਮਰੀਕ ਸਿੰਘ ਜੀ ਮਹਿਤਪੁਰੀ ਅਤੇ ਸੰਤ ਖਜ਼ਾਨ ਸਿੰਘ ਰਾਗੀ।

ਸਟੇਜ ਦੇ ਸਨਮੁਖ ਗਲੀਚਿਆਂ-ਦਰੀਆਂ ਤੇ ਬੈਠੇ ਹਨ ਉੱਤਮ ਕਲਾਕਾਰ, ਸੁਘੜ ਸਰੋਤੇ ਹਿੰਦੂ ਸਿਖ ਲਗਭਗ ਬਰਾਬਰ ਦੀ ਗਿਣਤੀ ਵਿਚ ਹਨ। ਪਾਸੇ ਦੀਆਂ ਦਰੀਆਂ ਤੇ ਸਜੇ ਇਸਤਰੀਆ ਪੁਰਸ਼ ਹਨ।

੭ ਵਜੇ ਰਾਹੀਂ ਸੰਗੀਤ ਸਭਾ ਆਰੰਭ ਹੋਈ। ਸ੍ਰੀ ਜੋਗਿੰਦਰ ਬਾਵਰਾ ਨੇ ਮੰਚ ਸੰਭਾਲਿਆ। ਸ੍ਰੀ ਸਤਿਗੁਰੂ ਜੀ ਦੀ ਉਪਸਥਿਤੀ ਵਿਚ ਕਲਾ ਮੰਚ ਦਾ ਸਮਾਰੰਭ ਸ੍ਰੀ ਰਮੇਸ਼ ਚੰਦਰ ਆਫ਼ 'ਪੰਜਾਬ ਕੇਸਰੀ' ਨੇ, ਸੰਖੇਪ ਸ਼ਬਦਾਂ ਵਿਚ ਇਹ ਦਸਦਿਆਂ ਕੀਤਾ ਕਿ ਉਹ ਸੰਗੀਤ ਬਾਰੇ ਅਨਾਪੜ੍ਹ ਹਨ ਪਰ ਜੋ ਕੁਝ ਉਹਨਾਂ ਵਡੇ ਵਡੇ ਸੰਗੀਤ ਸਮਾਰੋਹਾਂ ਵਿਚ ਵੇਖਿਆ

ਹੈ ਉਨ੍ਹਾਂ ਵਿਚ ਲੋਕ ਵੱਡੀ ਗਿਣਤੀ ਵਿਚ ਆਉਂਦੇ ਹਨ ਅਤੇ ਇਸ ਗੱਲ ਦੀ ਵੱਡੀ ਖੁਸ਼ੀ ਹੋਂਦੀ ਹੈ ਕਿ ਸ੍ਰੀ ਜੁਗਿੰਦਰ ਬਾਵਰਾ ਨੇ ਸੰਗੀਤ ਕਲਾ ਮੰਚ ਦੀ ਸਰਪ੍ਰਸਤੀ ਲਈ ਸਤਿਗੁਰੂ ਜਗ-ਜੀਤ ਸਿੰਘ ਜੀ ਨੂੰ ਬੇਨਤੀ ਕਰਕੇ ਮਨਾਇਆ ਹੈ। ਸ੍ਰੀ ਰਮੇਸ਼ ਨੇ ਜੁਗਿੰਦਰ ਬਾਵਰਾ ਦੇ ਉਦਮ ਦੀ ਸ਼ਲਾਘਾ ਕੀਤੀ।

ਉਪਰੰਤ ਸੰਗੀਤ ਕਲਾਮੰਚ ਦੇ ਪ੍ਰਧਾਨ ਸ਼੍ਰੀ ਵਿਜੈ ਕੁਮਾਰ ਚੋਪੜਾ ਆਫ਼ ਹਿੰਦ ਸਮਾਚਾਰ ਪ੍ਰੈਸ ਨੇ ਅਤੇ ਮੈਜਿਸਟਰੇਟ ਸ੍ਰੀ ਜੇ. ਬੀ. ਗੋਇਲ ਨੇ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਸਨਮਾਨ ਹਿਤ ਫੁਲ ਹਾਰ ਪਹਿਨਾਏ।

ਜੁਗਿੰਦਰ ਬਾਵਰਾ ਜੀ ਨੇ ਸ੍ਰੀ ਜਗਦੀਸ਼ ਸਿੰਘ ਸੰਪਾਦਕ 'ਵਰਿਆਮ' ਨੂੰ ਸੰਗੀਤ ਦੀ ਇਸ ਸਭਾ ਦਾ ਸਕੱਤਰ ਐਲਾਨਿਆ। ਜਗਦੀਸ਼ ਸਿੰਘ ਜੀ ਦੀ ਪ੍ਰਾਰਥਨਾ ਤੇ ਸ੍ਰੀ ਜੁਗਿੰਦਰ ਬਾਵਰਾ ਨੇ ਗਾਇਨ ਦੀ ਪਹਿਲੀ ਕਿਸ਼ਤ ਪੇਸ਼ ਕੀਤੀ। ਸੂਰ ਦਾਸੀ ਮਲ੍ਹਾਰ ਵਿਚ, ਬਾਦਰਵਾ ਗਰਜਤ ਆਈਂ। ਤਬਲੇ ਤੇ ਸੰਗਤ ਪੰ: ਰਮਾ ਕਾਂਤ। ਆਵਾਜ਼ ਗਲੇ ਚੋਂ ਹੀ ਕੰਮ ਕਰਦੀ ਹੈ। ਸੰਗੀਤ ਕਾਰਾਂ ਵਾਲੀਆਂ ਅਦਾਵਾਂ ਨਾਲ ਲੈ ਨੂੰ ਕਾਬੂ ਵਿਚ ਰਖ ਸੁਰਾਂ ਦਾ ਸਾਮੰਜਸ ਕਰ ਰਹੇ ਹਨ। ਦ੍ਰੁਤ ਲੈ ਵਿਚ ਬਾਵਰਾ ਨੇ ਗੰਵਿਆਂ : ਬਾਦਰਵਾ ਬਰਸਨ ਕੋ ਆਏ।

ਸ੍ਰੀ ਪੁਰਸ਼ੋਤਮ ਮਹਿਤਾ ਰੇਡੀਓ ਦੇ ਪਰਵਾਨਤ ਕਲਾ-ਕਾਰ ਹਨ ਅਤੇ ਮਲੇਰ ਕੋਟਲਾ ਵਿਚ ਇਕ ਅਧਿਆਪਕ। ਇਹਨਾਂ ਸਿਤਾਰ ਤੇ ਯਮਨ ਪੇਸ਼ ਕੀਤਾ। ਸਿਤਾਰ ਬੜੀ ਚੁਸਤੀ ਦ੍ਰੁਸਤੀ ਨਾਲ ਵੱਜੀ ਪਰ ਸੁਰਾਂ ਦੀ ਗੂੰਜ ਸੁਣਨ ਲਈ ਹੀ ਸਹਿਕਦੇ ਰਹੇ ਹਾਂ। ਤਬਲਾਨਿਵਾਜ਼ ਰਮਾਂ ਕਾਂਤ ਨੇ ਮਨ ਮੋਹ ਲਿਆ।

ਫਿਰ ਸ੍ਰੀ ਲਛਮਣ ਸਿੰਘ ਤਬਲੇ ਦਾ ਪੰਜਾਬੀ ਅੰਗ ਪੇਸ਼ ਕਰਨ ਲਈ ਅੱਗੇ ਆਏ। ਸੋਲੋ ਆਈਟਮ। ਅੱਧੋਂ ਵੱਧ ਉਮਰ ਦੇ ਜਲੰਧਰ ਦੇ ਕਲਾਕਾਰ ਲਛਮਣ ਸਿੰਘ ਨੇ ਬੜੀ ਖੂਬ ਸੂਰਤੀ ਨਾਲ ਗੁੰਨ੍ਹ ਗੁੰਨ੍ਹ ਕੇ ਤਿੰਨ ਤਾਲ ਦੇ ਵਖ ਵਖ ਕਾਇਦੇ ਜ਼ਬਾਨੀ ਸੁਣਾ ਤੇ ਵਜਾ ਕੇ ਸਰੋਤੇ ਨਿਹਾਲ ਕੀਤੇ। ਸਤਿਗੁਰੂ ਜੀ ਨੇ ਵੀ ਬਾਰੀਕਬਾਨੀ ਨਾਲ ਵਾਦਕ ਦਾ ਕਮਾਲ ਨੋਟ ਕੀਤਾ। ਪਤਲੂ ਜਿਹਾ ਲਛਮਣ ਸਿੰਘ ਜਦੋਂ ਬੋਲ ਪੜ੍ਹਕੇ ਉਂਗਲੀਆਂ ਨੂੰ ਤਬਲੇ ਤੇ ਨਚਾਉਂਦਾ ਹੈ ਤਾਂ ਲੋਅ ਤਬਲੇ ਦੀ ਅਵਾਜ਼ ਨਾਲ ਚੁਤਰਫੀਂ ਛਾ ਜਾਂਦੀ ਹੈ।

ਰਾਤੀਂ ੮.੩੦ ਤੇ ਕਾਕਾ ਬਲਜੀਤ ਸਿੰਘ ਯਮਨ ਵਿਚ "ਹਰਿ ਹਰਿ ਨਾਮ ਨਿਧਾਨ ਹੈ" ਸੁਣਾਣ ਲਈ ਸਟੇਜ ਤੇ ਆਇਆ। ਉਸ ਨੇ ਰਾਗੀ ਖਜ਼ਾਨ ਸਿੰਘ ਦੇ ਤੇਜ਼ ਤੁੰਦ ਤਬਲੇ ਦੀ ਸੰਗਤ ਵਿਚ ਆਪਣੀ ਕੋਮਲ ਤੇ ਲੋਚਦਾਰ ਆਵਾਜ਼ ਨਾਲ ਸਰਗਮਾਂ ਤਾਨਾ ਦੇ ਸੁਮੇਲ ਨਾਲ ਸਭ ਨੂੰ ਆਨੰਦਿਤ ਕੀਤਾ।

੯.੦੦ ਵਜ ਗਏ ਤਾਂ ਦਿੱਲੀ ਦੇ ਹੋਣ ਹਾਰ ਕਲਾਕਾਰ ਗੁਰਦੇਵ ਸਿੰਘ ਤੇ ਸ੍ਰੀ ਰਮਾ ਕਾਂਤ ਨੇ ਮੰਚ ਉਤੇ ਜੌਹਰ ਦਿਖਾਏ। ਸ੍ਰੀ ਗੁਰਦੇਵ ਸਿੰਘ ਇਸ ਪ੍ਰੋਗਰਾਮ ਵਿਚ ਭਾਗ



ਰਾਜਨ—ਸਾਜਨ

ਲੈਣ ਲਈ ਜੋਧਪੁਰ ਦਾ ਪ੍ਰੋਗਰਾਮ ਤਿਆਗ ਦਿਤਾ ਸੀ। ਗੁਰਦੇਵ ਸਿੰਘ ਨੇ ਸਰੋਦ ਦੀਆਂ ਸੁਰ ਹੋਈਆਂ ਤਾਰਾਂ ਨੂੰ ਜਾਵੇ, ਨਾਲ ਟੁੰਕਾਰ ਕੇ ਨਹੁੰਦਾਰ ਪੋਟਿਆਂ ਨਾਲ ਜਦੋਂ ਬਾਗੇਸ਼ਰੀ ਦੀਆਂ ਸੁਰਾਂ ਉਜਾਗਰ ਕੀਤੀਆਂ ਤਾਂ ਵਾਤ੍ਰਾਵਰਣ ਭਾਰੀ ਭਰਕਮ ਤੇ ਰਸਭਰੀ ਆਵਾਜ਼ ਨਾਲ ਗੂੰਜ ਉਠਿਆ। ਰਮਾ ਕਾਂਤ ਦੇ ਤਬਲਾਵਾਦਨ ਨੇ ਸਰੋਦ ਨੂੰ ਗਤੀ ਤਾਂ ਦਿਤੀ ਹੀ ਉਸ ਦੇ ਸੁਆਦ ਵਿਚ ਵੀ ਵਾਧਾ ਕਰ ਦਿਤਾ। ਸਰੋਦ ਵਾਦਕ ਦਾ ਪਤਲਾ ਗੋਰਾ ਜਿਸਮ, ਉਜਲੀ ਨਾਮਧਾਰੀ ਪੋਸ਼ਾਕ ਛੋਟੀ ਛੋਟੀ ਦਾੜ੍ਹੀ। ਜੁਆਨ ਰਮਾ ਕਾਂਤ ਦੀ ਮੁੱਛ-ਦਾੜ੍ਹੀ ਚੱਟਮ, ਸਿਰ ਦੇ ਕੇਸ ਸਾਧਾਰਣ ਕਟ, ਗੋਰ ਵਰਣ ਤੇ ਛੀਟਕਾ ਸਰੀਰ। ਸਤਿਗੁਰੂ ਜੀ ਦੁਹਾਂ ਕਲਾਕਾਰਾਂ ਦੀਆਂ ਗਤੀ ਵਿਧੀਆਂ ਨੂੰ ਘੋਖਵੀਂ ਨਜ਼ਰੇ ਜਾਂਚ ਰਹੇ ਹਨ। ਬਾਮੇਸ਼ਰੀ ਦਾ ਖੂਬ ਆਨੰਦ ਬਣਿਆਂ।

੧੦ ਵਜ ਗਏ ਤਾਂ ਦਿੱਲੀ ਦੇ ਹੀ ਪ੍ਰਸਿੱਧ ਗਾਇਕਾਂ ਮਿਸ਼ਰਾ ਬੰਧੂਆਂ ਨੇ ਮੰਚ ਨੂੰ ਸ਼ੋਭਾ ਬਖਸ਼ੀ। ਤਬਲਾ ਵਾਦਨ ਲਈ ਸ੍ਰੀ ਲਕਸ਼ਮਣ ਸਿੰਘ ਆ ਗਏ। ਮਿਸਰ ਭਰਾਵਾਂ ਨੇ ਆਪਣੇ ਯੋਗ ਜੋਗ ਨੂੰ ਜਾਤਾ। ਸ੍ਰੀ ਰਾਜਨ ਦੇ ਹੱਥ ਸਤਿਗੁਰੂ ਜੀ ਵਲੋਂ ਸਨੇਹ—ਬਖਸ਼ਸ਼ ਸੁਰ ਮੰਡਲ ਸੀ। ਸਾਜਨ ਜੀ ਦੇ ਹੱਥ ਤਾਨਪੂਰਾ।

ਮੇਰੇ ਹੱਥਾਂ ਵਿਚ ਇਕ ਰੁੱਕਾ ਪਹੁੰਚ ਗਿਆ ਸੀ। ਇਸ ਤੇ ਇਕ ਐਡਰੇਸ ਸੀ: ਅਚਾਰਯਾ ਉੱਤਮ ਰਾਮ ਸ਼ੁਕਲ ਮਾਰਫਤ ਦੁਰਲਭ ਪ੍ਰਕਾਸ਼ਨ, ਤੁਲਸੀ ਚਬੂੰਤਰਾ ਮੰਦਰ, ਮਥਰਾ। ਇਸ ਦੇ ਅਗੇ ਸ੍ਰੀ ਸਤਿਗੁਰੂ ਜੀ ਦੇ ਹਸਤਕਵਲਾਂ ਦਵਾਰਾ ਲਿਖਤ ਅੱਖਰ ਸਨ। ਇਹਨਾਂ ਬਾਰੇ ਦੱਸਿਆ ਗਿਆ ਹੈ ਕਿ ਰਾਗ ਗਾ ਕੇ ਬਿਮਾਰਾਂ ਦਾ ਇਲਾਜ ਕਰਦੇ ਹਨ। ਇਸ ਲਈ ਲਿਖਿਆ ਏ ਕਿ ਯਾਦ ਰਖਦੇ ਰਹਿਣਾ ਜਿਸੇ ਵੇਲੇ ਵਕਤ ਕਢਕੇ ਆਪ ਜਾਕੇ ਦੇਖਿਆ ਜਾ ਸਕੇ।

ਮਿਸ਼ਰਾ ਬੰਧੂਆਂ ਦਾ ਜੋਗ ਮੰਦਰ ਸਪਤਕ ਤੋਂ ਸ਼ੁਰੂ ਹੋ ਕੇ ਤਾਰ ਸਪਤਕ ਵਿਚ ਖੂਬ ਛਾਇਆ। ਬੋਲ ਸਨ: ਸੁਰਨ ਕੀ ਤਾਲ, ਸੁਰਨ ਕੇ ਸੰਗਤ, ਜਿਨ੍ਹਾਂ ਵਿਚ ਰਸ ਘੋਲ-ਘੋਲ ਰਾਜਨ-ਸਾਜਨ ਵਾਯੂ ਮੰਡਲ ਵਿਚ ਬਖੇਰਦੇ ਰਹੇ। ਸਰੋਤੇ ਆਪਾ ਭੁੱਲੀ ਮਿਸ਼ਰਾ ਬੰਧੂਆਂ ਨੂੰ ਸੁਣਦੇ ਰਹੇ। ਜਾਪਦਾ ਸੀ ਕਿ ਧਰਮਸ਼ਾਲਾ ਵਿਚ ਸੁਰ ਮਹਾਰਾਜ ਦਾ ਹੀ ਰਾਜ ਹੈ। ਮੰਦ, ਬਿਲੰਬਤ ਤੇ ਦ੍ਰੁਤ ਲੈਆਂ ਵਿਚ ਤਾਨਾਂ, ਪਲਟੇ, ਮੁਰਕੀਆਂ, ਚਮਚਮੇ ਤੇ ਗਮੁਕਾਂ ਆਦਿ ਸੰਗੀਤ ਦੇ ਅਲੰਕਾਰ ਸਜਦੇ ਰਹੇ। ਅਤੇ ਇਹ ਆਨੰਦ ਗੰਗਾ ਇਕਸਾਰ ਵਹਿੰਦੀ ਰਹੀ।

ਏਨੇ ਸਮੇਂ ਤਕ ਸਾਬਕਾ ਰੇਡੀਓ ਅਧਿਕਾਰੀ ਸ੍ਰ: ਜੋਧ ਸਿੰਘ ਤੇ ਹਿੰਦ ਸਮਾਚਾਰ ਪ੍ਰੈਸ ਦੇ ਮਾਲਿਕ ਸ੍ਰੀ ਵਿਜੇ ਕੁਮਾਰ ਚੋਪੜਾ ਮੈਜਿਸਟਰੇਟ ਸਾਹਿਬ ਆਦਿ ਪ੍ਰਤਿਸ਼ਠ ਸਜਣ ਮੰਤਰ ਮੁਗਧ ਹੋਏ ਸੁਣਦੇ ਰਹੇ।

ਸਤਿਗੁਰੂ ਜੀ ਨੂੰ ਅਨੇਕਾਂ ਵਾਰ ਖਿਆਲ ਆਉਂਦਾ ਰਿਹਾ ਹੋਵੇਗਾ ਕਿ ਉਨ੍ਹਾਂ ਦੇ ਪ੍ਰਤਿਪਾਲੇ ਬੱਚੇ ਕਿੰਨਾ ਤੇਜੱਸਵੀ ਤੇ ਮੋਹਕ ਗਾ ਰਹੇ ਹਨ ਅਤੇ ਉਨ੍ਹਾਂ ਦੀ ਚੋਣ ਕਿੰਨੀ ਸਹੀ ਤੇ ਇਮਦਾਦ ਕੀਤੀ ਕਿੰਨੀ ਸਫਲ ਰਹੀ ਹੈ।

"ਸੁਰਨ ਕੀ ਤਾਨ" ਸਮਾਪਤ ਹੋਣ ਤੇ ਸਤਿਗੁਰੂ ਜੀ ਦੇ ਕਹਿਣ ਤੇ ਮਿਸ਼ਰਾਂ ਬੰਧੂਆਂ ਰਾਗ ਦਰਬਾਰੀ ਨਾਲ ਰਸ ਬੰਨ੍ਹਿਆਂ। ਫਿਰ ਸਤਿਗੁਰੂ ਜੀ ਨੇ ਹੀ 'ਬਸੰਤ ਬਹਾਰ' ਦੀ ਆਗਿਆ ਕੀਤੀ। ਤੇ ਸ਼ੁਰੂ ਹੋ ਗਿਆ:

ਰਿਤੂ ਬਸੰਤ ਆਇਓ ਰੀ।

ਸੰਗੀਤ ਚਲਦਿਆਂ ਹੀ ਇਕ ਰੁੱਕਾ ਸ੍ਰੀ ਜਗਦੀਸ਼ ਸਿੰਘ "ਵਰਿਆਮ" ਵਲ ਵਧਿਆ। ਸਤਿਗੁਰੂ ਜੀ ਦਾ ਫਰਮਾਨ ਸੀ: ਯਾਦ ਰਖਣਾ, ਇਕ ਪ੍ਰੋਗਰਾਮ ਸੁਜਾਤ ਜਾਂ ਸੁਜਾਤ-ਨਿਸ਼ਾਦ (ਉਸਤਾਦ ਵਲਾਇਤ ਖਾਂ ਦਾ ਪੁੱਤਰ ਤੇ ਭਤੀਜਾ) ਦੋਵਾਂ ਦਾ ਏਥੇ (ਜਲੰਧਰ) ਰਖਿਆ ਜਾਵੇ। ਪਹਿਲਾਂ ਆਪਣੇ ਬੱਚੇ, ਸਾਰੇ ਕੱਠੇ ਕਰਕੇ, ਗਾ ਲੈਣ।

੧੧ ਵਜੇ ਰਾਤ ਤਕ ਸੰਗੀਤ ਸਮਾਪਤ ਹੋਇਆ ਤਾਂ ਸਰੋਤਿਆਂ ਨੂੰ ਸ੍ਰੀ ਵਿਜੇ ਕੁਮਾਰ ਚੋਪੜਾ ਨੇ ਸੰਬੋਧਨ ਕੀਤਾ:

ਸੰਗੀਤ ਕਲਾ ਮੰਚ ਦਾ ਕੰਮ ਆਰੰਭ ਕਰਕੇ, ਸਾਨੂੰ ਡਰ ਸੀ ਕਿ ਕੰਮ ਕਿਵੇਂ ਪੂਰਾ ਹੋਵੇਗਾ। ਪਰ ਇਹ ਸਾਰਾ ਪ੍ਰੋਗਰਾਮ ਸਫਲ ਹੋ ਗਿਆ।

ਮੈਨੂੰ ਹਰਵਲਭ ਵਿਚ ਬਿਰਧ ਕਲਾਕਾਰਾਂ ਨੂੰ ਵੇਖ ਕੇ ਡਰ ਲਗਦਾ ਸੀ ਕਿ ਕਿਤੇ ਉਰਦੂ ਵਾਂਗ ਕਲਾਸੀਕਲ ਮਿਊਜ਼ਿਕ ਵੀ ਖਤਮ ਨਾ ਹੋ ਜਾਵੇ ਪਰ ਅੱਜ ਦੀ ਇਹ ਸਭਾ ਵੇਖ ਕੇ ਤਸੱਲੀ ਹੋਈ ਹੈ ਕਿ ਸਾਰੇ ਕਲਾਕਾਰ ਹੀ ਨੌਜਵਾਨ ਸੁਣਨ ਨੂੰ ਮਿਲੇ ਹਨ। ਸ੍ਰੀ ਸਤਿਗੁਰੂ ਜੀ ਨੇ ਸਭਾ ਨੂੰ ਪ੍ਰੀਜ਼ਾਈਡ ਕਰਕੇ ਸਾਨੂੰ ਕ੍ਰਿਤਾਰਥ ਕੀਤਾ ਹੈ। ਉਮੀਦ ਹੈ ਇਹ ਸਾਰੇ ਜਤਨ ਜਾਰੀ ਰਹਿਣਗੇ।

ਉਪ੍ਰੰਤ ਸਤਿਗੁਰੂ ਜੀ ਨੇ ਕ੍ਰਿਪਾ ਕੀਤੀ। ਆਪ ਨੇ ਫ਼ਰਮਾਇਆ:

"ਅੱਜ ਦੀ ਸਭਾ ਵਿਚ ਜੋ ਪ੍ਰਾਹੁਣੇ ਸੁਣਨ ਵਾਸਤੇ ਆਏ ਹਨ, ਉਹਨਾਂ ਨੂੰ ਚੌਕੜੀਆਂ ਮਾਰ ਕੇ ਸੁਣਨ ਦੀ



ਸ੍ਰੀ ਮਿਸ਼ਰਾ

ਆਦਤ ਨਹੀਂ। ਮੇਰਾ ਜੀ ਕਰਦਾ ਏ ਕਿ ਕਦੇ ਫੇਰ ਨਾਮਧਾਰੀ ਸੰਗਤ ਵਲੋਂ ਏਦੂੰ ਵੱਧ ਪ੍ਰਬੰਧ ਨਾਲ ਸਭਾ ਦਾ ਆਯੋਜਨ ਕੀਤਾ ਜਾਵੇ।"

ਸਤਿਗੁਰੂ ਜੀ ਨੇ ਰਮੇਸ਼ਵਰੀ ਕਲਾ ਸੰਗਮ ਦੇ ਡਾਇਰੈਕਟਰ ਸ੍ਰੀ ਮਿਸ਼ਰਾ ਜੀ ਤੇ ਸ੍ਰ: ਜੋਧ ਸਿੰਘ ਹੁਰਾਂ ਦਾ ਵਿਸ਼ੇਸ਼ ਜ਼ਿਕਰ ਕੀਤਾ ਜਿਨ੍ਹਾਂ ਸਮਾਂ ਦੇ ਕੇ ਏਥੋਂ ਦੇ ਬਚਿਆਂ ਨੂੰ ਸੁਣਿਆਂ। ਉਸਤਾਦ ਕਿਰਪਾਲ ਸਿੰਘ, ਸ੍ਰੀ ਰਾਮਾਕਾਂਤ ਜੀ ਦੀ ਪ੍ਰਸੰਸਾ ਵੀ ਕੀਤੀ ਜੋ ਕਿ ਏਥੋਂ ਦੇ ਨਾਮਧਾਰੀ ਬੱਚਿਆਂ ਦੇ ਉਸਤਾਦ ਹਨ।

ਪ੍ਰਬੰਧਕਾਂ ਦੇ ਜਤਨਾਂ ਦੀ ਸ਼ਲਾਘਾ ਤੇ ਧਨਵਾਦ ਕਰਦਿਆਂ ਸਤਿਗੁਰਾਂ ਇਹ ਇੱਛਾ ਵੀ ਪਰਗਟ ਕੀਤੀ ਕਿ ਕੀਰਤਨਕਾਰ ਸਰੋਦਾਂ ਸਿਤਾਰਾਂ ਤੇ ਸਾਰੰਗੀਆਂ ਨਾਲ ਆਪਣੇ ਸ਼ਬਦ ਕੀਰਤਨ ਨੂੰ ਹੋਰ ਵੀ ਸੁਰੀਲਾ ਬਣਾਣ।

ਮਹਾਰਾਜ ਬੀਰ ਸਿੰਘ ਜੀ ਦੀ ਮਿਸਾਲ ਆਪ ਨੇ ਦਿਤੀ ਕਿ ਜਦੋਂ ਉਹ ਜਲੰਧਰ ਵਿਚ ਹਵਾਈ ਜਹਾਜ਼ ਉਡਾਣਾ ਸਿਖਣ ਆਏ ਸਨ ਕੁਝ ਸਿੱਖ ਨੌਜੁਆਨਾਂ ਉਨ੍ਹਾਂ ਨੂੰ ਮਖੌਲ ਕੀਤਾ : ਇਨ੍ਹਾਂ ਕੀ ਜਹਾਜ਼ ਚਲਾਣਾ ਸਿਖਣਾ ਏ ਇਹ ਤਾਂ ਮਸਾਂ ਆਸਾ ਦੀ ਵਾਰ ਹੀ ਲਾਇਆ ਕਰਨਗੇ। ਪਰ ਜਦੋਂ ਉਹਨਾਂ ਠੀਕ ਤਰ੍ਹਾਂ ਉਡਾਣ ਭਰੀ ਤਾਂ ਸਭ ਦੀਆਂ ਉਂਗਲਾਂ ਮੂੰਹ ਵਿਚ ਪੈ ਗਈਆਂ। ਸਤਿਗੁਰਾਂ ਸਮਝਾਇਆ ਕਪੜੇ ਤੇ ਸ਼ਕਲ ਸੂਰਤ ਭਾਵੇਂ ਕਿਹੋ ਜਿਹੀ ਵੀ ਹੋਵੇ ਤੁਹਾਡੀ ਯੋਗਤਾ ਸਭ ਨੂੰ ਜਿੱਤ ਲਵੇਗੀ। ਨਾਮਧਾਰੀਆਂ ਨੂੰ ਆਪਣੀ ਯੋਗਤਾ ਪ੍ਰਫੁਲਤ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।

ਸਤਿਗੁਰੂ ਜੀ ਨੇ ਮਾਈਕ ਸਾਹਮਣਿਓਂ ਹਟਵਾਇਆ ਤਾਂ ਰਾਮੇਸ਼ਵਰੀ ਕਲਾ ਸੰਗਮ ਦੇ ਸ੍ਰ: ਜੋਧ ਸਿੰਘ ਸਰੋਤਿਆਂ ਵਲੋਂ ਧਨਵਾਦ ਹਿਤ ਬੋਲੇ : "ਸ੍ਰੀ ਮਹਾਰਾਜ ਜੀ,

ਮੈਂ ਧਨ ਭਾਗ ਸਮਝਦਾ ਹਾਂ ਕਿ ਅਜਿਹੀ ਸੰਗੀਤ ਸਭਾ ਦੇ ਆਯੋਜਨ ਵਿਚ ਮਹਾਰਾਜ ਜੀ ਨੇ ਸਾਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ ਹੈ। ਬਹੁਤੀਆਂ ਸੰਗੀਤ ਸਭਾਵਾਂ ਵਿਚ ਜਾਂ ਕੇ ਵੇਖਿਆ ਹੈ, ਮਨ ਚੰਚਲ ਹੋ ਉਠਦਾ ਹੈ ਪਰ ਏਥੇ ਆ ਕੇ ਵੇਖਿਆ ਹੈ ਕਿ ਇਕ ਤਾਂ ਮਹਾਰਾਜ ਜੀ ਦਾ ਆਪਣਾ ਪ੍ਰਭਾਵ ਤੇ ਫਿਰ ਏਥੋਂ ਦੀ ਸੰਗਤ ਦੇ ਦਰਸ਼ਨ ਬੜਾ ਸੁਖ ਦਿੰਦੇ ਹਨ।

ਦੂਜੇ, ਮੈਨੂੰ, ਨਾਮਧਾਰੀ ਬੱਚਿਆਂ ਨੂੰ ਵੇਖ ਕੇ ੧੭ਵੀਂ ਸਦੀ ਦੇ ਸਿੱਖ ਚੇਤੇ ਆਏ ਹਨ। ਏਥੇ ਆ ਕੇ ਤਾਂ ਮੈਂ ਮਨ ਦੀ ਮੈਲ ਦੂਰ ਕੀਤੀ ਹੈ। ਮਿਸ਼ਰਾ ਜੀ ਨੇ ਮੈਨੂੰ ਕਿਹਾ ਹੈ ਕਿ ਮਹਾਰਾਜ ਜੀ ਜੇ ਕਦੇ ਐਸਾ ਸੰਗੀਤ ਅਯੋਜਨ ਜਲੰਧਰ ਵਿਚ ਕਰਨ ਤਾਂ ਸਾਡਾ ਰਾਮੇਸ਼ਵਰੀ ਕਲਾ ਸੰਗਮ ਦਾ ਹਾਲ ਤੇ ਗਰਾਉਂਡ ਅਤੇ ਆਪਣੀ ਸਹਾਇਤਾ ਆਪਦੀ ਸੇਵਾ ਵਿਚ ਦੇ ਕੇ ਸਾਨੂੰ ਖੁਸ਼ੀ ਹੋਵੇਗੀ।...

ਅਸਾਂ ਏਥੇ ਆਕੇ ਮਨ ਦੀ ਮੈਲ ਲਾਹੀ ਹੈ। ਮਹਾਰਾਜ ਜੀ ਨੇ ਕੁਛ ਸ਼ਬਦ ਆਖ ਕੇ ਸਾਨੂੰ ਮਾਣ ਹੀ ਬਖ਼ਸ਼ਿਆ ਹੈ। ਨਿਵਾਜਿਆ ਹੀ ਹੈ।"

ਮਨ ਦੀ ਬੁੱਝੀ

ਸਮਾਪਤੀ ਉਪਰੰਤ ਸਤਿਗੁਰੂ ਜੀ ਦੇ ਪਿਛੇ ਪਿਛੇ ਹੀ ਸੰਗਤ ਹੋ ਚਲੀ। ਸਤਿਗੁਰੂ ਪਰਮ ਪ੍ਰਸੰਨ ਸਨ। ਸ੍ਰੀ ਭੈਣੀ ਸਾਹਿਬ ਜਾਣ ਵਾਸਤੇ ਆਪ ਕਾਰ ਸਵਾਰ ਹੋਏ। ਸੰਤ ਮਹਿੰਦਰ ਸਿੰਘ ਪੂਰਵਾ ਤੇ ਸੰਤ ਤਰਸੇਮ ਸਿੰਘ ਹਜ਼ੂਰੀ ਸਕਤਰ ਨਾਲ ਸਨ।

ਮੇਰਾ ਜੀ ਕਰਦਾ ਸੀ ਕਿ ਜਾਣ ਤੋਂ ਪਹਿਲਾਂ ਮੇਰੇ ਨਾਲ ਵੀ ਦੋ ਸ਼ਬਦ ਸਾਂਝੇ ਕਰ ਜਾਣ ਪਰ ਉਹ ਤਾਂ ਤੁਰ ਗਏ ਸਨ। ਤਦੇ ਪਤਾ ਲਗਾ ਜਾਂ ੧੦੦ ਕਦਮ ਤੇ ਜਾਕੇ ਗੱਡੀ ਰੁਕੀ ਤੇ ਮੈਨੂੰ ਆਵਾਜ਼ ਪਈ। ਜਾਕੇ ਦਰਸ਼ਨ ਕੀਤੇ ਤਾਂ ਸਤਿਗੁਰੂ ਜੀ ਨੇ ਕਿਹਾ : ਜੀ ਕਰਦਾ ਸੀ ਜਾਣ ਤੋਂ ਪਹਿਲਾਂ ਕਵੀ ਜੀ ਨੂੰ ਵੀ ਮਿਲ ਲਵਾਂ। ਮੇਰਾ ਪ੍ਰੋਗਰਾਮ ਪੁੱਛਿਆ ਤੇ ਆਪਣਾ ਦਸਿਆ। ਮੈਂ ਅਰਜ ਕੀਤੀ : ਆਪਣੀ ਸੱਸ ਦੀ ਖਬਰ ਸੁਰਤ ਪੁਛਕੇ ੧੫ ਸਵੇਰ ਤਕ ਦਿੱਲੀ ਪਹੁੰਚ

ਜਾਵਾਂਗਾ ।

'ਵਰਿਆਮ' ਦੇ ਹਮਾਇਤੀ

"ਵਰਿਆਮ" ਸੁਆਮੀ ਜਗਦੀਸ਼ ਸਿੰਘ ਅਜ ਬਹੁਤ ਉਤਸਾਹਤ ਸੀ । ਉਸ ਨੇ ਦਸਿਆ ਕਿ ਸਤਿਗੁਰਾਂ ਉਸਨੂੰ ਬਹੁਤ ਖੁਸ਼ੀਆਂ ਦਿਤੀਆਂ ਹਨ । ਉਸ ਕਹਾਣੀ ਸੁਣਾਈ ਕਿ ਉਸਦੇ ਮਾਤਾ ਜੀ, 'ਉਸਦੇ ਘਰ ਲੜਕਾ ਹੋ ਜਾਏ' ਦੀ ਬੇਨਤੀ ਝਕਦੇ ਝਕਦੇ ਕਰਨ ਗਏ ਸਨ, ਸਤਿਗੁਰੂ ਜੀ ਨੇ ਜਾਂਦਿਆਂ ਹੀ, ਬਿਨਾਂ ਕੁਝ ਸੁਣਨ ਤੋਂ, ਫਰਮਾਇਆ : ਜਗਦੀਸ਼ ਸਿੰਘ ਬਾਰੇ ਆਏ ਹੋ ? ਮੈਨੂੰ ਪਤਾ ਹੈ । ਮਾਤਾ ਜੀ ਕੁਝ ਬੋਲ ਹੀ ਨਾ ਸਕੇ ।

ਜਗਦੀਸ਼ ਸਿੰਘ ਨੇ ਦੱਸਿਆ ਕਿ ਸਤਿਗੁਰੂ ਜੀ ਦੀਆਂ ਖੁਸ਼ੀਆਂ ਅੱਜ ਹਰ ਪਾਸੇ ਵੇਖਣ ਨੂੰ ਮਿਲੀਆਂ । ਸੂ. ਅਮਰ ਸਿੰਘ ਪਰਵਾਰ ਜੁ ਸ. ਸਾਧੂ ਸਿੰਘ ਕਾਰਨ ਪਿਛੇ ਹਟ ਗਿਆ ਸੀ, ਉਸਨੂੰ ਵੀ ਬਖ਼ਸ਼ਸ਼ ਕਰ ਦਿੱਤੀ ਹੈ । ਸੂ. ਅਮਰ ਸਿੰਘ ਸੰਤ ਇਜਨੀਅਰ ਵਾਲੇ ਤਾਂ ਬੜੇ ਸਾਧੂ ਸਨ ਪਰ ਉਨ੍ਹਾਂ ਦੇ ਸੁਰਗ ਸਿਧਾਰਨ ਪਿਛੋਂ ਸ. ਗੁਰਮੁਖ ਸਿੰਘ ਤੋਂ ਬਿਨਾਂ ਸਾਰੇ ਭਰਾ ਪਿਛਾਂਹ ਜਾ ਰਹੇ ਸਨ ।

ਜੀਵਨ ਨਗਰ ਦੀ ਰਿਪੋਰਟ

ਅੱਜ ਸ਼ਾਮ ਦੇ ਦੀਵਾਨ ਪਿਛੋਂ ੫ ਵਜੇ ਕੁਛ ਛਕਣ-ਛਕਾਣ ਦੇ ਖਿਆਲ ਨਾਲ ਸਤਿਗੁਰੂ ਜੀ ਸ. ਸੁਰਾਇਣ ਸਿੰਘ (ਜਗਦੀਸ਼ ਸਿੰਘ ਵਰਿਆਮ ਦੇ ਮਾਮਾ ਜੀ) ਦੇ ਘਰ ਗਏ ਤਾਂ ਮੈਂ ਵੇਖਿਆ ਕਿ ਜੀਵਨ ਨਗਰ ਐਗਜੇਕਟਿਵ ਦੇ ਕੁਝ ਮੈਂਬਰ, ਜਿਵੇਂ ਸੂ. ਅਵਤਾਰ ਸਿੰਘ ਝੱਬਰ, ਨੰਬਰਦਾਰ ਅਮਰ ਸਿੰਘ ਸੂ. ਸੁਰਜਨ ਸਿੰਘ ਢੋਟੀਆਂ, ਸੰਤ ਮੱਲ ਸਿੰਘ ਸਤਿਗੁਰੂ ਜੀ ਨੂੰ ਉਸ ਇਲਾਕੇ ਦੀ ਰਿਪੋਰਟ ਸੁਣਾਂਣ ਲਗੇ ।

ਜਿਸ ਗੱਲ ਬਾਤ ਨੂੰ ਮੈਂ ਵੀ ਸੁਣ ਸਕਿਆ ਉਸ ਅਨੁਸਾਰ, ਐਸ. ਪੀ. ਨੇ ਇਹਨਾਂ ਨੂੰ ਮਿਲਕੇ ਦੱਸ ਦਿਤਾ ਹੈ ਕਿ ੨੪ ਨਾਮਧਾਰੀਆਂ ਤੇ ਬਣਿਆ ਕੇਸ ਵਾਪਸ ਲੈ ਲਿਆ ਗਿਆ ਹੈ ।

ਏਥੇ ਮੈਂ ਉਸਤਾਦ ਅਮਜਦ ਅਲੀ ਖਾਂ ਘਰੋਂ ਲਿਆਂਦਾਂ "ਟਾਈਮਜ਼ ਆਫ਼ ਇੰਡੀਆ" ਦਾ ਕੱਟਿੰਗ ਪੇਸ਼ ਕਰ ਦਿਤਾ ਜਿਸ ਵਿਚ ਸ੍ਰੀ ਭਟੋਦੀਆ ਦਾ ਬਿਆਨ ਸੀ । ਚੁਬਾਰੇ ਦੇ ਬਾਹਰਵਾਰ ਬੈਠਿਆਂ ਜਗਦੀਸ਼ ਸਿੰਘ "ਵਰਿਆਮ" ਨੇ ਅੰਗਰੇਜ਼ੀ ਵਿਚੋਂ ਪੜ੍ਹ ਸਾਰੀ ਰੀਪੋਰਟ ਅਨੁਵਾਦ ਕਰ ਸੁਣਾਈ । ਸਤਿਗੁਰਾਂ ਫ਼ਰਮਾਇਆ : ਭਟੋਦੀਆਂ ਨੇ ਜਿਸਤਰ੍ਹਾਂ ਸਾਡਾ ਪੱਖ ਪੇਸ਼ ਕਰ ਦਿਤਾ ਹੈ, ਕਾਫ਼ੀ ਦਲੇਰੀ ਵਾਲਾ ਕੰਮ ਹੈ । ਜਗਦੀਸ਼ ਸਿੰਘ ਨੇ ਦੱਸਿਆ ਕਿ ਜਨਤਾ ਪਾਰਟੀ ਦੇ ਐਮ. ਐਲ. ਏ. ਸ਼ੰਕਰ ਲਾਲ ਨੂੰ ਅਜ ਪਾਰਟੀ ਵਿਚੋਂ ਪਾਰਟੀ ਵਿਰੋਧੀ ਹਰਕਤਾਂ ਦਾ ਇਲਜ਼ਾਮ ਲਾਕੇ ਕੱਢ ਦਿਤਾ ਗਿਆ ਹੈ । ਸਤਿਗੁਰੂ ਜੀ ਨੇ ਬਚਨ ਕੀਤਾ : ਉਸਨੂੰ ਕੋਈ ਫਰਕ ਨਹੀਂ ਪੈਂਦਾ । ਸਾਡੇ ਹੱਕ ਵਿਚ ਬੋਲਦਾ ਹੋਣ ਕਰਕੇ ਹੀ ਉਸਨੂੰ ਕਢਿਆ ਗਿਆ ਹੈ । ਸੰਤ ਅਮਰ ਸਿੰਘ ਨੇ ਦਸਿਆ ਕਿ ਕਾਮਰੇਡ ਸ਼ੰਕਰ ਲਾਲ ਦਾ ਚੇਲਾ "ਤੂਫ਼ਾਨ" ਤੂਫ਼ਾਨੀ ਗਤੀ ਨਾਲ ਹੀ ਸਾਡੇ ਹਿਤ ਵਿਚ ਸਰਸੇ ਅੰਦਰ ਗਰਜਦਾ ਰਿਹਾ ਹੈ ।

ਮੈਂ ਤਾਂ ਆਪਣੀਆਂ ਸਰੀਰਕ ਲੋੜਾਂ ਨੂੰ ਮੁਖ ਰਖ ਗੁਰੂ ਚਰਨਾਂ ਚੋਂ ਉਠ ਆਇਆ, ਮੇਰੇ ਮਗਰੋਂ ਵੀ ਜੀਵਨ ਨਗਰ ਦੀ ਹਾਲਾਤ ਤੇ ਗੱਲ ਬਾਤ ਹੁੰਦੀ ਰਹੀ ਹੋਵੇਗੀ ਐਸੀ ਆਸ ਹੈ ।

੧੫ ਫਰਵਰੀ ੧੯੭੯, ਬੁੱਧਵਾਰ
ਨਵੀਂ ਦਿੱਲੀ

ਕਲ੍ਹ ਰਾਤੀਂ ੧੦-੩੦ ਦਾ ਲੁਧਿਆਣਿਓਂ ਚਲਿਆ ਮੈਂ ਬਸ ਦੁਆਰਾ ਸਵੇਰੇ ੫-੧੫ ਵਜੇ ਦਿੱਲੀ ਪਹੁੰਚ ਗਿਆ ਹਾਂ । ਨਹਾ ਧੋ ਕੇ ੧੧-੧੦ ਪੂਸਾ ਰੋਡ ਪਹੁੰਚਾ । ਪਤਾ ਲਗਾ ਕਿ ਸਤਿਗੁਰੂ ਜੀ—ਵਜੇ ਕਰਨਾਲੋਂ ਚਲੇ ਹਨ । ਡੇਢ ਵਜੇ ਕੋਠੀ ਅਪੜਨਗੇ ।

ਕੋਠੀ ਵਿਚ ਆਗਮਨ

੧੨-੩੦ ਵਜੇ ਇਕ ਸਫੇਦ ਗੱਡੀ ਜਿਸ ਨੂੰ ਸੰਤ ਰਘੁਬੀਰ ਸਿੰਘ ਚਲਾ ਰਿਹਾ ਸੀ, ਕੋਠੀ ਦੇ ਵਿਹੜੇ ਵਿਚ ਰੁਕੀ । ਬੱਦਲਾਂ ਨਾਲ ਘਿਰੇ ਅਸਮਾਨ ਕਾਰਨ ਅਤੇ ਹਵਾ ਵਗਦੀ ਹੋਣ ਕਰਕੇ ਕੁਛ ਸਰਦੀ ਸੀ । ਸ਼ਾਇਦ ਏਸੇ ਕਾਰਨ ਪਿਛਲੀ ਸੀਟ ਤੇ ਮਾਤਾ ਜੀ ਬਦਾਮੀ ਰੰਗ ਦੀ ਲੋਈ ਨਾਲ ਆਪਣਾ ਆਪ ਸੰਕੋਚੀ ਬੈਠੇ ਨਜ਼ਰ ਆਏ । ਆਪ ਜੀ ਨਾਲ ਸਤਿਗੁਰੂ ਜੀ ਦੇ ਬਸਤਰ ਧੋਣ ਵਾਲੇ ਸੇਵਕ ਸੰਤ ਕਿਰਪਾਲ ਸਿੰਘ ਝੱਬਰ ਸਨ । ਮੂਹਰਲੀ ਸੀਟ ਤੋਂ ਸਤਿਗੁਰੂ ਜੀ ਦਾ ਹਜ਼ੂਰੀ ਸਕੱਤਰ ਸੰਤ ਤਰਸੇਮ ਸਿੰਘ ਉਤਰਿਆ । ਉਹਦਾ ਪੈਰ ਮੁਚਕਿਆ ਹੋਇਆ ਸੀ । ਸੰਗਤ ਏਥੇ ਇਕਤਰ ਹੋ ਰਹੀ ਸੀ । ਸਭ ਨੇ ਬਾਰੀ ਖੁਲ੍ਹਦਿਆਂ ਮਾਤਾ ਜੀ ਨੂੰ

ਨਮਸਕਾਰ ਕੀਤੀ। ਮਾਤਾ ਜੀ ਨੇ ਮੁਸਕਰਾ ਕੇ ਅਭਿਵਾਦਨ ਪ੍ਰਵਾਨ ਕੀਤਾ।

ਤਰਸੇਮ ਸਿੰਘ ਤੋਂ ਮਾਲੂਮ ਹੋਇਆ ਕਿ ਸਤਿਗੁਰੂ ਜੀ ੧੪-੨-੭੯ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਸਾ ਦੀ ਵਾਰ ਦਾ ਕੀਰਤਨ ਸੁਣ, ਕੁਛ ਜੋੜਿਆਂ ਦੇ ਅਨੰਦ ਕਾਰਜ ਕਰਵਾ ਕੇ ਫਿਰ ਜ਼ਿਲਾ ਬਠਿੰਡਾ ਦੇ ਪਿੰਡ ਰਾਈਆਂ ਪਹੁੰਚੇ। ਏਥੇ ਕਿਸੇ ਗੈਰ ਨਾਮਧਾਰੀ ਕੋਲੋਂ ਇਕ ਸਾਹਨ ਨੂੰ ਬਰਛਾ ਵੱਜ ਗਿਆ ਸੀ ਜਿਸ ਕਾਰਨ ਸਾਹਣ ਮਰ ਗਿਆ। ਉਸ ਨਮਿਤ ਅਖੰਡ ਪਾਠ ਅਤੇ ਸਾਧਾਰਨ ਪਾਠ ਦਾ ਭੋਗ ਨਾਮਧਾਰੀ ਸੰਤ ਜਗੀਰ ਸਿੰਘ ਦੇ ਘਰ ਪੈਣਾ ਸੀ, ਸੋ ਸਤਿਗੁਰੂ ਜੀ ਉਥੇ ਪਧਾਰੇ। ਓਥੋਂ ਦਾ ਮੇਲਾ ਕਰ ਰਾਤ ਉਥੇ ਹੀ ਰਹਿ ਸਵੇਰੇ ਦਿੱਲੀ ਵਾਸਤੇ ਤੁਰੇ ਸਨ।

ਇਕ ਵੱਜ ਗਿਆ ਹੈ, ਸੰਗਤਾਂ ਅਜੇ ਇੰਤਜ਼ਾਰ ਵਿਚ ਹੀ ਹਨ।

ਮੈਂ ਵੇਖ ਰਿਹਾ ਹਾਂ ਕਿ ਯੂ. ਕੇ. ਦੇ ਮੇਡਨਹੈਡ਼ ਕਸਬੇ ਦੇ ਸ: ਸਵਰਨ ਸਿੰਘ ਸਿਆਨ, ਸਾਬਕਾ ਹਜ਼ੂਰੀ ਸੇਵਕ ਗੁਰਭਜਨ ਸਿੰਘ, ਥਾਈਲੈਂਡ ਦੇ ਧੀਰ ਜੀ ਦੇ ਜੁਆਈ ਸ: ਦਰਸ਼ਨ ਸਿੰਘ ਆਦਿ ਅਨੇਕਾਂ ਸਰੀਰ ਉਡੀਕ ਵਿਚ ਹਨ। ਸੇਠ ਤਰਲੋਕ ਸਿੰਘ ਹੁਰੀਂ ੧੨-੨-੭੯ ਦੇ ਹੀ ਥਾਈਲੈਂਡ ਗਏ ਹੋਏ ਹਨ। ਪਿਛੇ ਹਨ ਉਹਨਾਂ ਦੇ ਸਪੁਤਰ ਧਰਮ ਸਿੰਘ, ਸ਼ੇਰ ਸਿੰਘ ਅਤੇ ਭੁਪਿੰਦਰ ਸਿੰਘ। ਸ਼ੇਰ ਸਿੰਘ ਅਜ ਕਲ੍ਹ ਨਾਮਧਾਰੀ ਸ਼ਾਪਿੰਗ ਸੈਂਟਰ ਜਿਸ ਦਾ ਨਾਂਅ ਤਬਦੀਲ ਹੋਕੇ ਅਜ ਕਲ੍ਹ ਸ੍ਰੀ ਹਰੀ ਪ੍ਰਤਾਪ ਸ਼ਾਪਿੰਗ ਸੈਂਟਰ ਹੋ ਗਿਆ ਹੈ, ਉਸ ਦੀ ਦੇਖ ਰੇਖ ਲਈ ਜਾਂਦੇ ਹਨ। ਸੰਤ ਕ੍ਰਿਪਾਲ ਸਿੰਘ ਹੁਰਾਂ ਵਿਚੋਂ ਉਹਨਾਂ ਦਾ ਲੜਕਾ ਪਵਿੱਤਰ ਸਿੰਘ ਹੁੰਦਾ ਹੈ ਤੇ ਨਵੀਂ ਬਣੀ ਵਿਵਸਥਾ ਵਿਚ ਸ: ਅਰਵਿੰਦਰ ਸਿੰਘ ਹੰਸਪਾਲ ਇਸ ਸਾਰੇ ਪ੍ਰਬੰਧ ਦੀ ਦੇਖ ਰੇਖ ਅਤੇ ਸਲਾਹ ਮਸ਼ਵਰੇ ਵਿਚ ਸਹਿਯੋਗੀ ਹੈ।

ਦੁਰਘਟਨਾ

ਥਾਈਲੈਂਡ ਦੇ ਸ: ਦਰਸ਼ਨ ਸਿੰਘ ਨੇ ਦਸਿਆ ਕਿ ਪਸਿਤ ਵਾਲੇ ਦਿਨ (੧੨-੨-੭੯) ਬੈਂਕੌਕ ਦੇ ਇਕ ਅਤਿ ਨਿੰਘੇ, ਸ਼ਰਧਾਲੂ, ਸਨੇਹੀ ਤੇ ਸੇਵਕ ਸੱਜਣ ਪਿਆਰਾ ਸਿੰਘ ਸਚਦੇਵਾ ਨਾਲ ਹਾਦਸਾ ਵਾਪਰ ਗਿਆ। ਉਹ ਘਰੋਂ ਉਠ ਕੇ ਸੁਖਮਵਿਟ ਰੋਡ ਪਾਰ ਕਰਕੇ ਨਾਮਧਾਰੀ ਗੁਰਦੁਆਰੇ ਵਲ ਜਾਣ ਲਗਾ ਸੀ ਕਿ ਕਿਸੇ ਗੱਡੀ ਨੇ ਕੁਚਲ ਕੇ ਸੁਟ ਦਿਤਾ ਤੇ ਚਲਦੀ ਹੋਈ। ਦਰਸ਼ਨ ਸਿੰਘ ਹੁਰਾਂ ਦਸਿਆ ਕਿਉਂਕਿ ਇਹਨੀਂ ਦਿਨੀਂ ਸਚਦਵ ਜੀ ਦੀ ਪਤਨੀ (ਪਵਿਤਰ ਕੌਰ) ਨੂੰ ਅਧਰੰਗ ਹੋਇਆ ਸੀ ਤੇ ਬੜੀ ਮੁਸ਼ਕਲ ਨਾਲ ਬਚ ਸਕੀ ਹੈ, ਇਸ ਲਈ ਉਹਨਾਂ ਦੀ ਸੋਚ ਵਿਚ ਉਹੋ ਸਵਾਰ ਰਹਿੰਦੀ ਹੈ। ਉਹ ਬੋਲ ਚਾਲ ਤੋਂ ਵਾਂਝੀ ਹੋ ਗਈ ਹੈ। ਹੋ ਸਕਦਾ ਹੈ ਇਸ ਤਰ੍ਹਾਂ ਅਸਾਵਧਾਨੀ ਹੋ ਗਈ ਹੋਵੇ ਜਾਂ ਟੈਕਸੀ ਵਾਲੇ ਨੇ ਹੀ ਬੇਧਿਆਨੀ ਕਰ ਦਿਤੀ ਹੋਵੇ ਪਰ ਸਚਦੇਵ ਜੀ ਤਾਂ ਕਈ ਦਿਨਾਂ ਤੇ ਜਾ ਪਏ।

ਸਕੱਤਰ ਨੇ ਦਸਿਆ


ਤਰਸੇਮ ਸਿੰਘ ਤੋਂ ਇਹ ਵੀ ਪਤਾ ਲਗਾ ਕਿ ਸਤਿਗੁਰੂ ਜੀ ਹਿਜ਼ ਐਕਸੀਲੈਂਸੀ ਡਾ: ਸੁਚਾਟ ਜੀ ਦੇ ਸੱਦੇ ਤੇ ਥਾਈਲੈਂਡ ਜਾ ਰਹੇ ਹਨ। ਉਹਨਾਂ ਨੇ ਆਪਣੀ ਤਾਮੀਰ ਕੀਤੀ ਬਸਤੀ ਧਰਮ-ਧਰਤੀ ਵਿਚ ਇਕ ਮੰਦਰ ਬਣਵਾਇਆ ਹੈ ਜਿਸ ਵਿਚ ਇਕ ਨੁਮਾਇਸ਼ ਲਗਾਈ ਹੈ "ਨਾਮਧਾਰੀ ਅਤੇ ਵੈਜੀਟੇਰੀਅਨਿਜ਼ਮ"। ਇਸ ਦਾ ਉਦਘਾਟਨ ਕਰਨ ਲਈ ਸ੍ਰੀ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਹੋਈ ਹੈ, ਸੋ ਸਤਿਗੁਰੂ ਜੀ ਕਲ੍ਹ ਲੁਫਥਾਂਸਾ ਦੇ ਜਹਾਜ਼ ਦੁਆਰਾ ੬-੧੫ ਵਜੇ ਸਵੇਰੇ ਬੈਂਕੌਕ ਨੂੰ ਜਾ ਰਹੇ ਹਨ।

ਗੁਰਭਜਨ ਸਿੰਘ ਤੋਂ ਪਤਾ ਲਗਾ ਕਿ ਲੁਫਥਾਂਸਾ ਦੇ ਜਹਾਜ਼ ਦੁਆਰਾ ਸਤਿਗੁਰੂ ਜੀ ਦੀ ਤਾਬਿਆ ਵਿਚ ਜਾਣ ਵਾਲੇ ਵਿਅਕਤੀ ਹਨ : ਸ੍ਰੀ ਮਾਤਾ ਚੰਦ ਕੌਰ ਜੀ, ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਪੂਰਵਾ ਤੇ ਸ: ਸੁਰਿੰਦਰ ਸਿੰਘ ਮਨਚੰਦਾ।

ਸੁਰਿੰਦਰ ਸਿੰਘ ਮਨਚੰਦਾ

ਸੁਰਿੰਦਰ ਸਿੰਘ ਸਤਿਗੁਰੂ ਜੀ ਦੇ ਚਰਨਾਂ ਨਾਲ ਘਣਾ ਸਨੇਹ ਰਖਣ ਵਾਲਾ ਨੌਜਵਾਨ ਹੈ। ਜਦੋਂ ਵੀ ਤੇ ਜਿਥੇ ਵੀ ਖਰਚ ਕਰਨ ਦੀ ਆਗਿਆ ਹੁੰਦੀ ਹੈ ਖਰਚ ਕਰਨੋਂ ਸੰਕੋਚ ਨਹੀਂ ਕਰਦਾ। ਭਜਨ ਬਾਣੀ ਵੀ ਨੇਮ ਅਨੁਸਾਰ ਕਰਦਾ ਹੈ। ਆਮ ਵਜ਼ੀਲਿਆਂ ਤੋਂ ਜੋ ਪਤਾ ਲਗਾ ਹੈ ਉਸ ਅਨੁਸਾਰ ਅਸ਼ੋਕਾ ਬਿਸਕੁਟ ਫੈਕਟਰੀ ਹੈਦਰਾਬਾਦ ਵਾਲੇ ਸ੍ਰ. ਕਰਤਾਰ ਸਿੰਘ ਇਸਦੇ ਸਹੁਰਾ ਹਨ। ਫੈਕਟਰੀ ਵਾਲਿਆਂ ਇਸਨੂੰ ਭਾਰਤ ਦੇ ਨਾਰਥ ਜ਼ੋਨ ਦੀ ਅਸ਼ੋਕਾ ਬਿਸਕੁਟਾਂ ਦੀ ਏਜੈਂਸੀ ਦੇ ਰਖੀ ਹੈ। ਇਸ਼ ਏਜੈਂਸੀ ਤੋਂ ਪ੍ਰਾਪਤ ਲਾਭ ਦੀ ਇਮਾਨਦਾਰੀ ਨਾਲ ਦਸਵੰਧ ਗੁਰੂ ਕੇ ਖਜ਼ਾਨੇ ਵਿਚ ਜਾਂਦਾ ਹੈ। ਇਸ ਤਰ੍ਹਾਂ ਖਜ਼ਾਨਾ ਸਿਖ ਦਾ ਤੇ ਆਗਿਆ, ਸਤਿਗੁਰੂ ਜੀ ਦੀ ਅਮਲ ਵਿਚ ਆਉਂਦੀ ਹੈ।

ਪਿਛਲੇ ਦਿਨੀਂ ਸਤਿਗੁਰੂ ਜੀ ਦੇ ਬੈਂਗਲੌਰ ਫਾਰਮ ਵਲ ਜਾਣ ਸਮੇਂ ਹਵਾਈ ਟਿਕਟਾਂ ਦਾ ਇਸ ਸੱਜਣ ਨੇ ਇੰਤਜ਼ਾਮ ਕੀਤਾ। ਮੈਨੂੰ ਭਿਣਕ ਪੈਣ ਤੇ ਮੈਂ ਪੁਛਿਆ ਤਾਂ ਸੁਰਿੰਦਰ ਸਿੰਘ ਦਾ ਸਾਦਾ ਜਿਹਾ ਪਰ ਭਾਵਨਾ ਭਰਪੂਰ ਉੱਤਰ ਸੀ : ਕਵੀ ਜੀ ਅਜਿਹੀਆਂ ਗੱਲਾਂ ਨਾ ਪੁਛਿਆ ਕਰੋ। ਸਤਿਗੁਰਾਂ ਪਾਸੋਂ ਲੈ ਕੇ ਹੀ ਅਸੀਂ ਵਰਤਦੇ ਪਏ ਹਾਂ।



ਸੇਠ ਸੁਰਿੰਦਰ ਸਿੰਘ ਮਕੱੜ

ਅਸੀਂ ਕੌਣ ਹੋਈਦੇ ਸਤਿਗੁਰਾਂ ਨੂੰ ਦੇਣ ਵਾਲੇ !

ਮੈਂ ਦਰਸ਼ਨ ਸਿੰਘ ਜੀ ਤੋਂ ਹਵਾਈ ਟਿਕਟ ਬਾਰੇ ਜਾਣਕਾਰੀ ਲਈ ਹੈ। ਉਸ ਦੱਸਿਆ ਕਿ ਜੇ ਤਾਂ ਬੈਂਕੋਕ ਤੋਂ ਟਿਕਟ ਮੰਗਾਈ ਜਾਵੇ ਤਾਂ ਦਿਲੀਓਂ-ਜਾਣ ਦੀ ਟਿਕਟ ਤੇ ੭-੨੮੦੦/= ਪਏਗਾ ਪਰ ਜੇ ਏਧਰੋਂ ਟਿਕਟ ਖਰੀਦੀਏ ਤਾਂ ੩੬-੩੭੦੦ ਲਗੇਗਾ । ਨਾਮਧਾਰੀ ਟ੍ਰੈਵਲਜ਼ ਦੇ ਗੁਰਭਜਨ ਸਿੰਘ ਨੇ ਦੱਸਿਆ ਹੈ ਕਿ ਯੂ. ਕੇ. ਵਿਚ ਜਾਣ-ਆਉਣ ਲਈ ਅਜਕਲ ੭੭੦੦/=ਖਰਚ ਉਠਦਾ ਹੈ।

ਇਸਤਰੀ ਸੰਗਤ ਵੀ ਕਾਫ਼ੀ ਗਿਣਤੀ ਵਿਚ ਹਾਜ਼ਰ ਹੈ। ਲੰਗਰ ਸੇਵਕਾਵਾਂ ਬੀਬੀ ਇੰਦਰ ਕੌਰ, ਸੁਰਜੀਤ ਕੌਰ, ਪ੍ਰੀਤਮ ਕੌਰ ਆਦਿ ਲੰਗਰ ਦੀ ਤਿਆਰੀ ਵਿਚ ਤੇ ਛਕਾਣ ਵਿਚ ਵਿਅਸਤ੍ਰਹਿਨ। ਬੀਬਾ ਜੀ ਤੇ ਬੀਬੀ ਨਰਿੰਦਰ ਪਿਛਲੇ ਦਿਨਾਂ ਦੇ ਦਿੱਲੀ ਵਿਚ ਟਿਕੇ ਹੋਏ ਹਨ।

ਉਹ ਤਾਂ ਹੁਣ ਆਏ !

ਬੂੰਦਾ ਬਾਂਦੀ ਹੋ ਰਹੀ ਹੈ। ਆਸਮਾਨ ਬੱਦਲਾਂ ਦੀਆਂ ਤੈਹਾਂ ਨਾਲ ਢਕਿਆ ਪਿਆ ਹੈ। ਤਿੰਨ ਵਜ ਕੇ ਪੰਦਰਾਂ ਮਿੰਟ ਹੋਏ ਤਾਂ ਬਿਸਕੁਟੀ ਰੰਗ ਦੀ ਮੁਸੀਡੀਜ਼ ਕਾਰ ਕੋਠੀ ਵਿਚ ਪਰਵੇਸ਼ ਕਰ ਗਈ। ਸਤਿਗੁਰੂ ਜੀ ਆ ਗਏ ਹਨ। ਸ[illegible] ਵਸਤਰਾਂ ਵਾਲੇ ਸਤਿਗੁਰੂ ਝਟਪਟ ਉਤਰ ਕੇ ਵਰਾਂਡੇ ਵਿ[illegible] ਆ ਖਲੇ ਹਨ ਤਾਂਕਿ ਮਥਾ ਟੇਕਣ ਵਾਲਿਆਂ ਨੂੰ ਭਿਜਣਾ ਪਵੇ। ਕੁਝ ਸਰੀਰਾਂ ਵਲੋਂ ਹੀ ਨਮਸਕਾਰ ਹੋਈ ਸੀ ਸਤਿਗੁਰੂ ਜੀ ਨੇ ਮੱਥਾ ਟੇਕਣੋਂ ਵਰਜ ਦਿਤਾ।

ਆਪ ਨੇ ਦੱਸਿਆ ਕਿ ਉਹ ਸਿੱਧੇ ਹੀ ੧.੩੦ ਸਾਹਿਬਾਬਾਦ ਸ੍ਰ. ਨਿਰਮਲ ਸਿੰਘ ਹੁਰਾਂ ਦੀ ਗੱਤਾ ਮਿ[illegible] ਵਿਖੇ ਪਹੁੰਚ ਗਏ। ਏਥੇ ਸਤਿਗੁਰੂ ਜੀ ਹਜ਼ੂਰੀ ਵਿਚ ਨਿਰਮਲ ਸਿੰਘ ਦੇ ਦਾਦਾ ਜੀ ਨਮਿਤ ਪੈਣਾ ਸੀ। ਕੜਾਹ ਪ੍ਰਸ਼ਾਦ ਵੇਲੇ ਸਿਰ ਤਿਆਰ ਨਾ ਕਰਕੇ ਦੇਰੀ ਲਗ ਗਈ।

ਸਤਿਗੁਰੂ ਜੀ ਨੇ ਅਜੇ ਭੋਜਨ ਛਕਣਾ ਸੀ। ਸਾਹਿਬਾਬਾਦ ਵਿਖੇ ਘਰ-ਘਰ ਚਰਨ ਪਾਉਣ ਦੀ ਬੇ[illegible] ਅਪਰਵਾਨ ਕੀਤੀ ਗਈ। ਸਾਧ ਸੰਗਤ ਨੇ ਪਾਠ ਦੇ ਸਮੇਂ ਹੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ।

ਕੋਠੀ ਵਿਚ ਆਉਂਦਿਆਂ ਹੀ ਆਪ ਆਰਾਮ ਕ[illegible] ਵਿਚ ਗਏ। ਇਸ਼ਨਾਨ ਕੀਤਾ ਤੇ ਸੁਰਜੀਤ ਕੌਰ ਹੁਰਾਂ ਵ[illegible] ਤਿਆਰ ਕੀਤੇ ਗਏ ਲੰਗਰ ਨੂੰ ਭੋਗ ਲਗਾਇਆ।

ਸਤਿਗੁਰੂ ਜੀ ਦੇ ਦਿੱਲੀ ਆਗਮਨ ਦੀ ਖਬਰ ਜਿ[illegible] ਮਿੰਟਾਂ ਵਿਚ ਹੀ ਸਾਰੇ ਨਾਮਧਾਰੀਆਂ ਤਕ ਪਹੁੰਚ ਜਾਂਦੀ ਹੈ ਸੇਠਾਂ ਦੇ ਘਰ ਜਾਂ ਸਤਿਗੁਰੂ ਜੀ ਦੇ ਬੈਠਣ ਕਮਰੇ ਵਾਲਾ ਫ਼[illegible] ਘੜੀ-ਘੜੀ ਖੜਕ ਉਠਦਾ ਹੈ। ਕੋਈ ਤਸਦੀਕ ਕਰਦਾ ਹੈ ਸਤਿਗੁਰੂ ਜੀ ਆ ਗਏ ; ਦੂਜਾ ਜਾਣਨਾ ਚਾਹੁੰਦਾ ਹੈ : ਇ[illegible] ਵਕਤ ਸੱਚੇ ਪਾਤਸ਼ਾਹ ਕਿਥੇ ਹੋਣਗੇ ? ਤੀਸਰਾ ਕਹਿੰਦਾ ਹੈ ਦੀਨ ਦਿਆਲ ਕਿੰਨਾ ਕੁ ਚਿਰ ਦਿੱਲੀ ਦਰਸ਼ਨ ਦੇਣਗੇ ! ਅਜਿਹੇ ਹੋਰ ਵੀ ਸਵਾਲ ਹੁੰਦੇ ਰਹਿੰਦੇ ਹਨ। ਫੋਨ ਕੋਲ ਬੈਠਾ ਕੋਈ ਵੀ ਸਰੀਰ ਲੁੜੀਂਦੀ ਵਾਕਫ਼ੀ ਦਿੰਦਾ ਰਹਿੰਦਾ ਹੈ ਤੇ ਫੋਨਕਾਰੀ ਆਪਣੀ ਸਹੂਲਤ ਅਨੁਸਾਰ ਚਰਨਾਂ ਵਿਚ ਪਹੁੰਚਣ ਦਾ ਸਮਾ ਨਿਸਚਿਤ ਕਰਦੇ ਲੋੜਾਂ ਬੇਨਤੀਆਂ ਦੀ ਵਿਉਂਤ ਬਣਾਂਦੇ ਰਹਿੰਦੇ ਹਨ।

ਹੁਣੇ ਫੋਨ ਆਇਆ ਹੈ ਮਹਾਰਾਜ ਨਿਹਾਲ ਸਿੰਘ ਜੀ ਦੇ ਛੋਟੇ ਸਪੁੱਤਰ ਵੱਲਭ ਵਿਸ਼ੇਸ਼ਰ ਸਿੰਘ ਜੀ ਦਾ ਕਿ ਬੰਗਲੌਰ ਤੋਂ ਕੇਲੇ ਵਗੈਰਾ ਕੁਝ ਸਾਮਾਨ ਆਇਆ ਹੈ, ਗੱਡੀ ਭੇਜ ਦਿਤੀ ਜਾਇ ਤਾਕਿ ਇਹ ਵੀ ਦਰਸ਼ਨ ਕਰ ਲੈਣ ਤੇ ਸਾਮਾਨ ਵੀ ਥਾਂ ਸਿਰ ਪਹੁੰਚ ਜਾਏ।

ਪ੍ਰਸ਼ਾਦ ਪਾਣੀ ਛਕ ਕੇ ਸਤਿਗੁਰੂ ਜੀ ਐਰਕਨ ਪਹਿਨ[illegible]

ਤਿਆਰ ਹੋ ਛੋਟੀ ਛੋਟੀ ਬਾਹਰ ਆਏ, ਸ੍ਰੀ ਮਾਤਾ ਜੀ, ਪੂਰਵਾ ਅਤੇ ਧਰਮ ਸਿੰਘ ਸੇਠ ਨਾਲ ਪਾਰਲੀਮੈਂਟ ਸਟਰੀਟ ਵਲ ਡਾ: ਦੇ ਗਏ ਜਿਸ ਨੇ ਮੈਡੀਕਲ ਸਰਟੀਫਿਕੇਟ ਦੇਣੇ ਸਨ। ਇਸ ਕੰਮ ਲਈ ਸ੍ਰ. ਗੁਰਭਜਨ ਸਿੰਘ ਨਾਮਧਾਰੀ ਟ੍ਰੈਵਲਜ਼ ਨੇ ਬੇਨਤੀ ਕੀਤੀ ਸੀ।

ਵਾਪਸੀ ਤੇ ਆ ਕੇ ਸਤਿਗੁਰਾਂ ਬਚਨ ਕੀਤਾਂ : ਸਾਡੇ ਜਾਣ ਤਕ ਲੇਡੀ ਡਾਕਟਰ ਬੀਬੀ ਜੀ ਚਲੇ ਗਏ। ਥੋੜਾ ਰੁਕ ਕੇ ਬਚਨ ਕੀਤਾ : ਸਤਿਗੁਰੂ ਮੇਰੇ ਲਈ ਕੋਈ ਨ ਕੋਈ ਕੰਮ ਤਿਆਰ ਰਖਦੇ ਹਨ। ਪਲ ਭਰ ਵਿਹਲਾ ਨਹੀਂ ਹੋਣ ਦਿੰਦੇ।

ਏਨੇ ਚਿਰ ਨੂੰ ਇਕ ਸੱਜਣ ਨੇ ਆਕੇ ਆਪਣੀ ਨਦੇੜ ਯਾਤਰਾ ਦੇ ਬੜੇ ਦਿਲਚਸਪ ਵਿਰਤਾਂਤ ਸੁਣਾਏ। ਸਤਿਗੁਰਾਂ ਦੀ ਇੱਛਾ ਸੀ ਕਿ ਸਿੰਘ ਸਭਾ ਪ੍ਰਭਾਵ ਤੋਂ ਪਹਿਲਾਂ ਦੀਆਂ ਸਿੱਖ ਹਿਸਟਰੀ ਜਾਂ ਸਿੱਖੀ ਰਹੁ ਰੀਤ ਨਾਲ ਸੰਬੰਧਤ ਪੁਸਤਕਾਂ ਖਰੀਦ ਲੈਣੀਆਂ ਚਾਹੀਦਆਂ ਹਨ। ਨਿਰਮਲੇ ਤੇ ਉਦਾਸੀ ਵਿਦਵਾਨਾਂ ਦੇ ਗਰੰਥ ਮਹੱਤਵਪੂਰਣ ਹੋਣਗੇ।

੫ ਵਜੇ ਤਕ ਠਾਕਰ ਸ਼ਮਸ਼ੇਰ ਸਿੰਘ ਜੀ ਅਤੇ ਵਲਭ ਵਿਸ਼ੇਸ਼ਰ ਸਿੰਘ ਜੀ ਦਰਸ਼ਨ ਕਰਨ ਆ ਗਏ। ਸਤਿਗੁਰੂ ਜੀ ਨੇ ਪਰਵਾਰਕ ਸੁਖ ਸਾਂਦ ਪੁੱਛੀ ਤੇ ਫਿਰ ਉਨ੍ਹਾਂ ਦੇ ਪਰਵਾਰਾਂ ਨਾਲ ਮਾਤਾ ਜੀ ਦੇ ਕਮਰੇ ਵਿਚ ਚਲੇ ਗਏ।

੬ ਵਜੇ ਰਾਤ ਤਕ ਹੇਠ ਲਿਖੇ ਸਜਣ ਦਰਸ਼ਨ ਕਰਨ ਅਰਥ ਬੈਠਣ ਕਮਰੇ ਵਿਚ ਇਕਤਰ ਹੋ ਗਏ : ਸੰਤ ਅਮਰ ਸਿੰਘ ਢੱਡਾ, ਸਕੱਤਰ ਗੁਰਦੀਪ ਸਿੰਘ ਢੱਡਾ, ਸ੍ਰ: ਸੇਵਾ ਸਿੰਘ ਨਾਮਧਾਰੀ ਏਜੰਸੀਜ਼, ਸ੍ਰ: ਸੁਰਿੰਦਰ ਸਿੰਘ ਡਾਲਟਨ ਗੰਜ, ਸ੍ਰ: ਕਰਤਾਰ ਸਿੰਘ ਸੋਖੀ, ਉਨ੍ਹਾਂ ਦਾ ਭਰਾ ਸੰਤ ਬਲਵੰਤ ਸਿੰਘ ਸੋਖੀ, ਸ੍ਰ: ਓਅੰਕਾਰ ਸਿੰਘ, ਸ੍ਰ: ਕੇਹਰ ਸਿੰਘ ਰੋਪੜ, ਸ੍ਰ: ਇਕਬਾਲ ਸਿੰਘ ਗਣੇਸ਼ਪੁਰਾ, ਸ੍ਰ: ਮਹਾਂ ਸਿੰਘ ਭੈਣੀ ਸਾਹਿਬ, ਸ੍ਰ: ਜੀਵਨ ਸਿੰਘ ਸੋਖੀ, ਸ੍ਰ: ਗੁਰਦਿਆਲ ਸਿੰਘ ਗਣੇਸ਼ਪੁਰਾ, ਸ੍ਰ: ਪਵਿਤਰ ਸਿੰਘ ਡਾਲਟਨ ਗੰਜ, ਸੇਠ ਕਿਰਪਾਲ ਸਿੰਘ ਡਾ: ਗੰ:, ਸ੍ਰ: ਸੇਵਾ ਸਿੰਘ ਸਰਸਾ, ਸ੍ਰ: ਸੁੱਚਾ ਸਿੰਘ ਸੋਖੀ।

ਸਤਿਗੁਰੂ ਜੀ ਹੋਰ ਅਧੇ ਘੰਟੇ ਬਾਅਦ ਆਏ ਤੇ ਵਿਛੇ ਮੰਜੇ ਉਪਰ ਸਸ਼ੋਭਤ ਹੋ ਗਏ। ਸ੍ਰ: ਕਰਤਾਰ ਸਿੰਘ ਸੋਖੀ ਨੇ ਅਰਜ਼ ਕੀਤੀ : ਸੰਬੰਧ ਸਥਾਪਤ ਕਰਨ ਲਈ, ਦੀਨ ਦਿਆਲ ਸੰਬੰਧੀਆਂ ਦੀ ਜਾਣਕਾਰੀ ਲੈ ਲਓ। ਸਤਿਗੁਰਾਂ ਨੇ ਸ੍ਰ: ਕੇਹਰ ਸਿੰਘ ਰੋਪੜ ਨੂੰ ਪੁਛਿਆ। ਉਸਨੇ ਦੂਜੇ ਘਰ ਦੀ ਸਾਂਗੀ ਪਰਵਾਰਕ ਜਾਣਕਾਰੀ ਦਿਤੀ। ਤਰਸੇਮ ਸਿੰਘ ਹਜ਼ੂਰੀ ਸਕੱਤਰ ਨੂੰ ਹੁਕਮ ਹੋਇਆ ਕਿ ਉਹ ਅਨੰਦ ਕਾਰਜ ਦੀ ਪਰਵਾਨਗੀ ਨੋਟ ਕਰ ਲਵੇ।

ਏਨੇ ਵਿਚ ਹੈਦਰਾਬਾਦ ਦੇ, ਸਾਡੇ ਸਹਿਪਾਠੀ, ਸੇਠ ਸੰਤੋਖ ਸਿੰਘ, ਦਰਜਨ ਭਰ ਬੀਬੀਆਂ ਤੇ ਇਕ ਹੋਰ ਸੰਤ ਜੀ ਦਰਸ਼ਨਾਂ ਹਿਤ ਅੰਦਰ ਆ ਗਏ।

ਦਰਸ਼ਨ ਦੇ, ਸੁਖ ਅਨੰਦ ਪੁਛ, ਸਤਿਗੁਰੂ ਜੀ ਆਪਣੇ ਨਿੱਜੀ ਸਕੱਤਰ ਨੂੰ ਮਾਤਾ ਜੀ ਵਾਲੇ ਕਮਰੇ ਵਿਚ ਲੈ ਗਏ। ਕੁਛ ਸਮੇਂ ਬਾਅਦ ਮੈਨੂੰ ਬੁਲਵਾਕੇ ਇਕ ਮੁਸਲਮਾਨ ਗਾਇਕ ਸ੍ਰੀ ਉਮੀਦ ਅਲੀ ਦੀ ਉਰਦੂ ਚਿੱਠੀ ਪੜ੍ਹਨ ਨੂੰ ਦਿਤੀ। ਦੱਸਿਆ : ਇਹ ਉਹ ਸੱਜਣ ਹੈ ਜੁ ਅਫਗਾਨਿਸਤਾਨ ਦੇ ਬਾਦਸ਼ਾਹ ਕੋਲ, ਇਕ ਵਾਰ, ਗਾ ਰਿਹਾ ਸੀ ਕਿ ਇਸ ਨੇ ਕੋਈ ਐਸੀ ਉਮਦਾ ਤਾਨ ਲਗਾਈ ਕਿ ਸਰੋਤਿਆਂ ਵਿਚ ਬੈਠੇ ਵਲਾਇਤ ਹੁਸੈਨ ਖਾਂ ਨੇ ਉਠ ਕੇ ਬਾਦਸ਼ਾਹ ਨੂੰ ਸਿਫਾਰਸ਼ ਕੀਤੀ ਕਿ ਇਹ ਗਾਇਕ ਵਿਸ਼ੇਸ਼ ਇਨਾਮ ਦੇ ਕਾਬਿਲ ਹੈ। ਅਤੇ ਬਾਦਸ਼ਾਹ ਨੇ ਗਾਇਕ ਨੂੰ ਭਰਪੂਰ ਮਾਲੀ ਮਦਦ ਦੇ ਕੇ ਉਸਨੂੰ ਨਿਵਾਜਿਆ।

ਸਤਿਗੁਰੂ ਜੀ ਨੂੰ ਬਚਪਨ ਯਾਦ ਆ ਗਿਆ ਤੇ ਨਾਲ ਹੀ ਇਕ ਦਿਲਰੁਬਾ ਆਦਿ ਸਾਜ਼ ਬਣਾਨ ਵਾਲੇ ਮੁਸਲਮਾਨ ਕਲਾਕਾਰ ਦੀ ਯਾਦ ਆਈ ਜਿਸਨੇ ਇਹਨਾਂ ਨੂੰ ਇਕ ਗੀਤ ਸਿਖਾਈ ਸੀ :

ਹੈ ਖ਼ੁਦਾ ਬਸ਼ਰ ਕੇ ਲੀਏ, ਤੋ
ਹੈ ਬਸ਼ਰ ਖ਼ੁਦਾ ਕੇ ਲੀਏ।

ਇਹ ਦੱਸਦਿਆਂ ਜਦੋਂ ਮੈਨੂੰ ਘਰ ਚਲੇ ਜਾਣ ਦੀ ਆਗਿਆ ਹੋਈ ਤਾਂ ਬਾਹਰ ਨਿਕਲਦਿਆਂ ਹੀ ਗੁਰਦੇਵ-ਹਰਭਜਨ ਸਿੰਘ ਹੁਰੀਂ ਮਿਲ ਪਏ। ਉਹ ਖਿਚ ਕੇ ਮਾਤਾ ਜੀ ਵਾਲੇ ਕਮਰੇ ਵਿਚ ਲੈ ਗਏ। ਏਥੇ ਸਤਿਗੁਰੂ ਜੀ ਦਾ ਨਿੱਜੀ ਸਕੱਤਰ ਹਜ਼ੂਰ ਦੇ ਪੇਸ਼ ਚਿੱਠੀ ਪੱਤਰ ਕਰ ਰਿਹਾ ਸੀ ਤੇ ਸਤਿਗੁਰੂ ਜੀ ਨਾਲੋ ਨਾਲ ਉੱਤਰ ਦੱਸੀ ਜਾ ਰਹੇ ਸਨ। ਇਸੇ ਕਾਰਜ ਕਰਮ ਦੇ ਚਲਦਿਆਂ ਵੀ ਏਸੇ ਅਦਰ ਸ੍ਰੀ ਮਾਤਾ ਜੀ, ਸ੍ਰ: ਗੁਰਚੈਨ ਸਿੰਘ ਨੈਰੋਬੀ ਦੀਆਂ ਦੋਵੇਂ ਭੈਣਾਂ ਆਪਣੇ ਬੱਚਿਆਂ ਨਾਲ, ਸ੍ਰ: ਸੇਵਾ ਸਿੰਘ ਨਾਮਧਾਰੀ ਏਜੰਸੀਜ਼, ਸੇਠ ਕਿਰਪਾਲ ਸਿੰਘ, ਗਿਆਨੀ ਜਸਵੰਤ ਸਿੰਘ, ਇਨ੍ਹਾਂ ਦਾ ਸਪੁਤਰ ਪ੍ਰੇਮ ਸਿੰਘ, ਸੰਤ ਮਹਿੰਦਰ ਸਿੰਘ ਬਾਲੀ ਨਗਰ, ਸ੍ਰੀ ਲਹਿੰਬਰ ਸਿੰਘ ਤੇ ਇਸ ਨਾਲ ਚਾਰ ਕੁ ਬੀਬੀਆਂ ਹੋਰ (ਇਹ ਸੰਤ ਗੁਲਜ਼ਾਰ ਸਿੰਘ ਦੇ ਬਿਮਾਰ ਲੜਕੇ ਦੀ ਖਬਰ ਨੂੰ

ਆਈਆਂ ਸਨ)। ਆ ਗਏ।

੭.੨੦ ਇਕ ਫੋਨ ਆ ਗਿਆ। ਸਤਿਗੁਰੂ ਜੀ ਉਠ ਕੇ ਬੈਠਣ ਕਮਰੇ ਵਿਚ ਚਲੇ ਗਏ। ਏਥੇ ਹੋਰ, ਨਵੀਂ ਆਈ ਸੰਗਤ, ਉਡੀਕਦੀ ਪਈ ਸੀ।

੯ ਵਜੇ ਰਾਤ ਤਕ ਮੈਂ ਕੋਠੀ ਰਿਹਾ ਤਦ ਤਕ ਕਈ ਨਾਮਧਾਰੀ ਪਰਵਾਰ ਤੇ ਗਰੁਪ ਸਤਿਗੁਰੂ ਜੀ ਦੇ ਦਰਸ਼ਨ ਨੂੰ ਆਏ ਤੇ ਗਏ। ਇਹ ਸਿਲਸਿਲਾ ਜਾਰੀ ਹੀ ਸੀ ਕਿ ਮੈਂ ਘਰ ਨੂੰ ਆ ਗਿਆ। ਮਾਲੂਮ ਨਹੀਂ ਸਤਿਗੁਰੂ ਜੀ ਨੂੰ ਰਾਤੀਂ ਕਦੋਂ ਆਰਾਮ ਮਿਲੇ ਪਰ ਸਵੇਰੇ ੬.੧੫ ਦੇ ਜ਼ਹਾਜ਼ ਤੇ ਥਾਈਲੈਂਡ ਨੂੰ ਪ੍ਰਸਥਾਨ ਕਰਨਾ ਹੈ।

੧੬ ਫਰਵਰੀ ੧੯੭੮ ਵੀਰਵਾਰ
ਨਵੀਂ ਦਿੱਲੀ

ਅੱਜ ਦਿਨੇ ਜਦੋਂ ਮੈਂ ਸ. ਹਰਵਿੰਦਰ ਸਿੰਘ ਹੰਸਪਾਲ ਨੂੰ ਮਿਲਿਆ ਤਾਂ ਉਸਨੇ ਦੱਸਿਆ ਕਿ ਸਤਿਗੁਰੂ ਜੀ ਸਵੇਰੇ ੬.੧੫ ਦੇ ਜਹਾਜ਼ ਤੇ ਨਹੀਂ ਉਡ ਸਕੇ ਕਿਉਂਕਿ ਹਵਾਈ ਅੱਡੇ ਤੇ ਸਾਰੇ ਵਾਤਾਵਰਣ ਵਿਚ ਧੁੰਦ ਬਹੁਤ ਗਹਿਰੀ ਪਸਰੀ ਹੋਈ ਸੀ। ਸਤਿਗੁਰੂ ਜੀ ਵਾਲਾ ਜਹਾਜ਼ ਮਸਾਂ ਕਿਤੇ ੧੦ ਵਜੇ ਹੀ ਉਡ ਸਕਿਆ। ਸਤਿਗੁਰੂ ਜੀ ਤਦ ਤਕ ਕੋਠੀ ਵਿਖੇ ਹੀ ਰਹੇ। ਠੀਕ ਇਤਲਾਹ ਮਿਲਣ ਤੇ ਹੀ ਪਾਲਮ ਏਅਰ ਪੋਰਟ ਲਈ ਪਧਾਰੇ।

ਇਕ ਚਿੱਠੀ ਪਾਕਿਸਤਾਨ ਤੋਂ

ਮੈਂ ਉਹ ਚਿੱਠੀ ਪੜ੍ਹੀ ਹੈ ਜੁ ਸਤਿਗੁਰੂ ਜੀ ਨੂੰ ਲਾਹੌਰੋਂ (ਪਾਕਿਸਤਾਨੋਂ) ਆਈ ਹੈ। ਬੀਬੀ ਯਾਸਮੀਨ, ਜੁ ਪ੍ਰਸਿੱਧ ਗਾਇਕ ਉਮੀਦ ਅਲੀ ਦੀ ਪੁੱਤਰੀ ਹੈ, ਨੇ ਉਰਦੂ ਵਿਚ ਲਿਖੀ ਹੈ।

ਵਲਾਇਤ ਵਿਚ ਗਿਆਂ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਸਾਡੇ ਭਾਰਤ ਦਾ ਪ੍ਰਸਿੱਧ ਗਵੱਈਆ ਕਿਸੇ ਐਸੀ ਬਿਮਾਰੀ ਨਾਲ ਦੁਖਿਤ ਹੈ ਜੁ ਬੜੀ ਮੁਹਲਕ ਹੈ ਅਤੇ ਉਹ ਹਸਪਤਾਲ ਵਿਚ ਪਿਆ ਹੈ। ਤਾਂ ਸਤਿਗੁਰੂ ਜੀ ਉਸ ਹਸਪਤਾਲ ਵਿਚ ਪਹੁੰਚੇ ਅਤੇ ਬਿਰਧ ਗਾਇਕ ਲਈ ਮੰਗੀ ਗਈ ਰਕਮ ਅਤਾ ਕੀਤੀ ਅਤੇ ਫਿਰ ਵੀ ਉਸ ਨਾਲ ਸੰਪਰਕ ਰਖਦਿਆਂ ਜ਼ਰੂਰਤ ਮੁਤਾਬਕ ਰਕਮ ਦੇਣ ਦਾ ਬਚਨ ਦਿਤਾ।

ਯਾਸਮੀਨ ਨੇ ਧਨਵਾਦ ਕੀਤਾ ਹੈ ਪੱਤਰ ਵਿਚ, ਅਤੇ ਘਰ ਪਰਵਾਰ ਦੀ ਸੁਖ ਦਸੀ ਹੈ। ਅਤੇ ਨਾਲ ਹੀ ਲਿਖਿਆ ਹੈ ਕਿ ਉਸਦੇ ਅੱਬਾ ਜਾਨ ਲੰਡਨ ਵਿਚੋਂ ਵਾਪਸ ਆ ਗਏ ਹਨ, ਪਰ ਉਹਨਾਂ ਦੀ ਤਬੀਅਤ ਠੀਕ ਨਹੀਂ। ਯਾਸਮੀਨ ਨੂੰ ਸਤਿਗੁਰੂ ਜੀ ਦਾ ਪਤਾ ਲੀਡਜ਼ (ਯੂ. ਕੇ.) ਦੇ ਸ਼ਰਮਾ ਜੀ ਨੇ ਦਿਤਾ ਹੈ। ਤਾਂ ਹੀ ਇਹ ਚਿੱਠੀ ਸਤਿਗੁਰੂ ਦੀ ਸੇਵਾ ਵਿਚ ਪਹੁੰਚੀ।

ਚਿੱਠੀ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਯਾਸ[illegible]ਮੀਨ ਦੇ ਅੱਬਾ ਨੂੰ ਫਾਲਿਜ ਦਾ ਅਟੈਕ ਹੋ ਗਿਆ ਸੀ, ਇਸ ਅਟੈਕ ਤੋਂ ਤਾਂ ਨਜ਼ਾਤ ਹਾਸਲ ਹੈ ਪਰ ਸਤਿਗੁ[illegible] ਨੂੰ ਬਾਰ ਬਾਰ ਯਾਦ ਕਰਦੇ ਹਨ।

ਯਾਸਮੀਨ ਨੇ ਇਹ ਵੀ ਲਿਖਿਆ ਹੈ ਕਿ [illegible] ਦਿਨੀਂ ਸਤਿਗੁਰੂ ਜੀ ਵਲਾਇਤ ਵਿਚ ਗਏ ਉਹਨੀਂ [illegible] ਇਸ ਨੂੰ ਵੀ ਖਵਾਬ ਵਿਚ ਹਜ਼ੂਰ ਦੇ ਦਰਸ਼ਨ ਹੋਏ। ਹੁਣ ਦਿਲ ਦਰਸ਼ਨਾਂ ਨੂੰ ਤੜਪ ਰਿਹਾ ਹੈ। ਇਕੋ [illegible] ਲਿਖੀ ਗਈ ਹੈ ਕਿ ਇਨ੍ਹਾਂ ਦੇ ਗ਼ਰੀਬ ਖਾਨੇ ਕਦਮ ਬੋਸ[illegible] ਇਨ੍ਹਾਂ ਨੂੰ ਮੌਕਾ ਮਿਲੇ। ਆਪਣੇ ਸਾਰੇ ਪਰਵਾਰ ਦੀ ਵ[illegible] ਦੇ ਕੇ ਯਾਸਮੀਨ ਨੇ ਚਾਹਿਆ ਹੈ ਕਿ ਸਤਿਗੁਰੂ ਜੀ ਦੇ ਪਰਵਾਰ ਦੀ ਵੀ ਜਾਣਕਾਰੀ ਮਿਲੇ।

ਮੈਂ ਇਹ ਚਿਠੀ ਪੜ੍ਹਕੇ ਤੇ ਐਡਰੈਸ ਨੋਟ [illegible] ਸਤਿਗੁਰਾਂ ਦੇ ਸਕੱਤਰ ਨੂੰ ਭੇਜ ਦਿਤੀ ਹੈ।

ਪਤਾ ਹੈ :

ਉਸਤਾਦ ਉਮੀਦ ਅਲੀ ਖਾਨ
ਕੋਠੀ ਨੰ : ੬ ਐਸਟੇਟ ਨੰ : ੧,
ਬਾਗ ਮੁਨਸ਼ੀ ਲੱਧਾ, ਕੱਚਾ ਰਾਵੀ ਰੋਡ,
ਬੇਰੂਨ ਟਕਸਾਲੀ ਗੇਟ,
ਲਾਹੌਰ, ਪਾਕਿਸਤਾਨ।

੧੮ ਫਰਵਰੀ ੧੯੭੮ ਸ਼ਨੀਵਾਰ
ਭਰਤਪੁਰ


ਹਰਵਿੰਦਰ ਸਿੰਘ ਹੰਸਪਾਲ ਤੇ ਉਸਦੇ ਭਾਈ[illegible] ਸ੍ਰ. ਕਿਰਪਾਲ ਸਿੰਘ ਸੇਠ ਤ੍ਰਲੋਕ ਸਿੰਘ ਨੇ, ਦੂਜੀ ਫੈਕ[illegible] ਚਾਲੂ ਕਰਨ ਸਮੇਂ ਸਤਿਗੁਰੂ ਜੀ ਨੂੰ ਅਰਜ਼ ਕੀਤੀ [illegible] ਕਿਵੇਂ ਆਰੰਭ ਕਰੀਏ ? ਸਤਿਗੁਰੂ ਜੀ ਨੇ ਬਚਨ ਕ[illegible] ਸੀ : ਅਖੰਡ ਪਾਠ ਕਰਵਾ ਲੈਣਾ।

ਫੈਕਟਰੀ ਭਾਵੇਂ ਸਾਲ ਭਰ ਪਹਿਲਾਂ ਤੋਂ ਚ[illegible] ਰਹੀ, ਪਰ ਆਖੰਡ ਪਾਠ ਕਰਵਾਣ ਵਿਚ ਵਿਘਨ ਹੀ ਪੈ[illegible] ਰਹੇ। ਅੰਤ ਉਨ੍ਹਾਂ ਦੀ ਪਰਵਾਹ ਨ ਕਰਕੇ ਨਾਮਧਾਰੀ ਸਜ[illegible] ਨੂੰ ਦੂਰੋਂ ਨੇੜਿਓਂ ਬੁਲਾਕੇ ਕੱਲ ਤੋਂ ਆਖੰਡ ਪਾਠ ਰਖ[illegible] ਦਿਤਾ ਗਿਆ।


ਮੈਨੂੰ ਵੀ ਆਗ੍ਰਿਹ ਸੀ ਕਿ ਇਸ ਮੌਕੇ ਭਰਤਪੁ[illegible] ਜ਼ਰੂਰ ਪਹੁੰਚਾਂ। ਭਰਤਪੁਰ ਵੇਖਣ ਲਈ ਮੈਂ ਵੀ ਇੱ[illegible] ਰਖਦਾ ਸਾਂ। ਗੱਡੀ ਚੜ੍ਹਨ ਲਗਿਆਂ ਬਹੁਤ ਸਾਰੇ ਸਿੰਘਾਂ [illegible] ਮੇਲ ਹੋ ਗਿਆ। ਢਾਈ ਵਜੇ ਦੇ ਚਲੇ ਹੋਏ ਸ਼ਾਮੀਂ ੭.੩[illegible] ਵਜੇ ਹੇਠ ਲਿਖੇ ਸਜਣ ਫੈਕਟਰੀ ਭਰਤਪੁਰ ਪੁਜੇ : ਕੁਲਦੀ[illegible] ਸਿੰਘ-ਹਰਭਜਨ ਸਿੰਘ ਰਾਗੀ, ਹਰਭਜਨ ਸਿੰਘ-ਕੁਲਦੀ[illegible] ਸਿੰਘ ਢੋਡਾ ਪੰ : ਜਗਮੋਹਣ ਸਿੰਘ ਤੇ ਪ੍ਰੀਤਮ ਸਿੰਘ ਕਵੀ [illegible]

ਰਬਾ[illegible]

ਅਠਾਰਵਾਂ ਨਾਮਧਾਰੀ ਵਿਦਿਅਕ ਸੰਮੇਲਨ ਸ੍ਰੀ ਭੈਣੀ ਸਾਹਿਬ : ਕੁਝ ਦ੍ਰਿਸ਼




ਪਿਛਲੇ ਦਿਨੀਂ ਸ੍ਰੀ ਭੈਣੀ ਸਾਹਿਬ ਵਿਚ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥੇ ਦਾ ਅਠਾਰਵਾਂ ਵਾਰਸ਼ਕ ਸੰਮੇਲਨ ਹੋਇਆ। ਅੰਤਮ ਦਿਨ ਦੇ ਸਮਾਗਮ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਸਾਹਮਣੇ ਬਿਰਾਜਮਾਨ ਹਨ। ਧੁਰ ਸਜੇ ਪਾਸੇ ਸੰਸਾਰ ਪ੍ਰਸਿਧ ਸਿਤਾਰ ਵਾਦਕ ਉਸਤਾਦ ਵਲਾਇਤ ਖਾਂ ਅਤੇ ਉਹਨਾਂ ਦਾ ਲੜਕਾ ਸੁਜਾਤ ਖਾਂ ਬੈਠੇ ਹਨ।




ਨੈਰੋਬੀ (ਕੀਨੀਆ) ਵਾਸੀ ਸ: ਗੁਰਚੈਨ ਸਿੰਘ ਫਲੌਰਾ ਦੇ ਸਪੁਤਰ ਸ: ਕੁਲਦੀਪ ਅਤੇ ਬੀਬੀ ਗੁਰਦਰਸ਼ਨ ਕੌਰ (ਸਪੁਤਰੀ ਜਗਦੀਸ਼ ਸਿੰਘ) ਦਾ ਅਨੰਦ ਕਾਰਜ ੩ ਜੁਲਾਈ ੧੯੮੨, ਸੰਮੇਲਨ ਦੇ ਅੰਤਲੇ ਦਿਨ ਹੋਇਆ। ਸ: ਗੁਰਚੈਨ ਸਿੰਘ ਫਲੌਰਾ ਕੀਨੀਆ ਦੇ ਮਸ਼ਹੂਰ ਆਰਕੀਟੈਕਟ, ਡੀਜ਼ਾਈਨਰ ਅਤੇ ਕਈ ਰੋਗ ਇਲਾਜ ਸਿਸਟਮਾਂ ਦੇ ਮਾਹਿਰ ਉਚੇਚੇ ਪਰਿਵਾਰ ਸਮੇਤ ਇਸ ਸੰਮੇਲਨ ਤੇ ਪਧਾਰੇ ਸਨ। ਆਪ ਦੇ ਦੋ ਸਪੁਤਰਾਂ ਦਾ ਅਨੰਦ ਕਾਰਜ ਸੰਪਾਦਕ ਵਰਿਆਮ ਦੀਆਂ ਦੋ ਸਪੁਤਰੀਆਂ ਨਾਲ ਸਤਿਗੁਰੂ ਜੀ ਦੀ ਆਗਿਆ ਨਾਲ ਹੋਇਆ।

ਸੰਗੀਤ ਸਮਾਗਮ ਦਾ ਇਕ ਦ੍ਰਿਸ਼ : ਮੋਹਨ ਸਿੰਘ ਸੁਖਦੇਵ ਸਿੰਘ ਦੁਆਰਾ ਰਾਗ ਗਾਇਨ : ਤਬਲੇ ਤੇ ਸੁਖਵਿੰਦਰ ਸਿੰਘ। ਉਹਨਾਂ ਪਿਛੇ ਠਾਕਰ ਦਲੀਪ ਸਿੰਘ ਜੀ। ਤਸਵੀਰ ਵਿਚ ਸ: ਭਗਤ ਸਿੰਘ ਸਾਂਗੜਾ (ਜਲੰਧਰ ਰੇਡੀਓ) ਉਸਤਾਦ ਮਹਿੰਦਰ ਸਿੰਘ, ਉਸਤਾਦ ਹਰਭਜਨ ਸਿੰਘ, ਸ: ਅਵਤਾਰ ਸਿੰਘ ਅੰਮ੍ਰਿਤਸਰ ਅਤੇ ਜਗਦੀਸ਼ ਸਿੰਘ 'ਵਰਿਆਮ' ਦਿਖਾਈ ਦੇ ਰਹੇ ਹਨ।




ਸ: ਫਲੋਦਾ ਦੇ ਛੋਟੇ ਸਪੁਤਰ ਅੰਮ੍ਰਿਤਪਾਲ ਸਿੰਘ ਅਤੇ ਵਰਿਆਮ ਸਪੁਤਰੀ ਬੀਬੀ ਸਤਵੰਤ ਕੌਰ।


ਤਸਵੀਰਾਂ : ਹਰਭਜਨ ਬਾਜਵਾ ਦੁਆਰਾ



ਸਤਿਗੁਰੂ ਜੀ ਦੇ ਸ਼ੁਕਰਾਨੇ ਵਿਚ ਹੱਥ ਜੋੜੀ ਖੜੇ ਸੰਬੰਧੀ : ਸ: ਗੁਰਚੈਨ ਸਿੰਘ ਫਲੋਰਾ (ਖੱਬੇ) ਅਤੇ ਸ: ਜਗਦੀਸ਼ ਸਿੰਘ ਨਵ-ਵਿਵਾਹਤ ਜੋੜਿਆਂ ਨਾਲ।



ਸ: ਗੁਰਚੈਨ ਸਿੰਘ ਫਲੋਰਾ ਦੇ ਛੋਟੇ ਭਾਈ ਸ: ਰਣਜੀਤ ਸਿੰਘ ਫਲੋਰਾ ਦਾ ਅਨੰਦ ਕਾਰਜ ਬੀਬੀ ਅਮਰਜੀਤ ਕੌਰ



ਨਾਮਧਾਰੀ ਦੀਵਾਨਾਂ ਦੇ ਰਿਕਾਰਡਿਸਟ ਸੰਤ ਗੁਰਮੁਖ ਸਿੰਘ ਦਾ ਅੰਤਰਜਾਤੀ ਅਨੰਦ ਕਾਰਜ ਮਨਾਲੀ ਕੋਠੀ ਦੇ ਸੇਵਾਦਾਰ ਸ੍ਰੀ ਜੈ ਸਿੰਘ ਦੀ ਸਪੁਤਰੀ ਨਾਲ ਬੀਤੇ ਹੋਲੇ ਸਮੇਂ ਗੋਲਾ ਗੋਕਰਨ ਨਾਥ ਯੂ. ਪੀ. ਵਿਖੇ ਹੋਇਆ।

Phone : 77356

ਬਨੋਆਣਾ ਸਨਮਾਨ ਕਮੇਟੀ

'Banoana Sanman Committee'
Monthly Wariam
Ladowali Road, Jalandhar

ਦਫਤਰ :
ਮਾਸਕ ਵਰਿਆਮ
ਲਾਡੋਵਾਲੀ ਰੋਡ ਜਲੰਧਰ

ਸ੍ਰੀਮਾਨ/ਸ੍ਰੀਮਤੀ ਜੀ

ਪੰਜਾਬੀ ਪਤ੍ਰਕਾਰੀ, ਸਾਹਿਤ ਅਤੇ ਸਭਿਆਚਾਰਕ ਸਰਗਰਮੀਆਂ ਦੇ ਖੇਤਰ ਵਿਚ ਸ: ਗੁਰਬਖ਼ਸ਼ ਸਿੰਘ ਬੰਨੋਆਣਾ ਇਕ ਅਣਥਕ ਅਤੇ ਬੇ-ਲਾਗ ਘੁਲਾਟੀਏ ਵਜੋਂ ਸਰਬ ਸਤਿਕਾਰਿਆ ਨਾਮ ਹੈ।

ਸ: ਬਨੋਆਣਾ ਲੰਮੇ ਸਮੇਂ ਤੋਂ ਪੰਜਾਬੀ ਦੇ ਪ੍ਰਸਿਧ ਸਮਾਚਾਰ ਪੱਤ੍ਰਾਂ ਵਿਚ ਇਕ ਪ੍ਰਬੁਧ ਅਤੇ ਚੇਤੰਨ ਪਤ੍ਰਕਾਰ ਵਜੋਂ ਆਪਣਾ ਯੋਗ ਦਾਨ ਪਾ ਰਹੇ ਹਨ।

ਆਪ ਪੰਜਾਬੀ ਲੇਖਕਾਂ ਦੀ ਜਥੇਬੰਦਕ ਲਹਿਰ ਵਿਚ, ਪੰਜਾਬੀ ਲੇਖਕ ਸਭਾ ਜਲੰਧਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਮਾਂ ਤੋਂ ਲੈ ਕੇ ਹੁਣ ਤਕ ਸਰਗਰਮੀ ਨਾਲ ਸਬੰਧਤ ਰਹੇ ਹਨ ਅਤੇ ਇਸ ਤੋਂ ਇਲਾਵਾ ਹੋਰਨਾਂ ਮੰਚਾਂ ਨੂੰ ਇਸ ਸਬੰਧ ਵਿਚ ਸਹਿਯੋਗ ਦਿੰਦੇ ਰਹੇ ਹਨ।

ਵੱਖ ਵੱਖ ਖਿਆਲਾਂ ਦੇ ਹਰ ਉਮਰ ਦੇ ਲੋਕਾਂ ਵਿਚ ਅਪਣੀ ਸੱਚੀ ਸੁਚੀ ਸੁਹਿਰਦ ਪਹੁੰਚ ਕਾਰਨ ਆਪ ਸਮਾਜ ਦੇ ਹਰ ਤਬਕੇ ਦੇ ਪਿਆਰ ਦੇ ਭਾਗੀ ਹਨ। ਸ: ਗੁਰਬਖ਼ਸ਼ ਸਿੰਘ ਬੰਨੋਆਣਾ ਦੀ ਦੋਸਤੀ ਅਤੇ ਪਿਆਰ ਦੇ ਘੇਰੇ ਵਿਚ ਸਭ ਪਾਰਟੀਆਂ ਅਤੇ ਪੰਥਾਂ ਦੇ ਲੋਕ ਸ਼ਾਮਲ ਹਨ।

ਅਪਣੇ ਜੀਵਨ ਦੇ ਸਫਰ ਵਿਚ ਅਨੇਕ ਰਾਜਸੀ, ਸਾਹਿਤਕ ਅਤੇ ਅਖਬਾਰੀ ਘੋਲਾਂ ਵਿਚ ਆਪ ਨੇ ਇਤਿਹਾਸਿਕ ਹਿਸਾ ਪਾਇਆ ਹੈ। ਲੋਕ ਹਿਤਾਂ ਵਾਸਤੇ ਜਾਣ ਘੋਲ ਘੁਮਾਉਣੀ ਆਪ ਦਾ ਸ਼ੌਕ ਰਿਹਾ ਹੈ।

ਆਪ ਦੀਆਂ ਇਹਨਾਂ ਘਾਲਨਾਵਾਂ ਨੂੰ ਸਤਿਕਾਰਨ ਹਿਤ, ਆਪ ਦੇ ਪਰਸੰਸਕਾਂ ਅਤੇ ਦੋਸਤਾਂ ਦੇ ਵਿਸ਼ਾਲ ਜਨ ਸਮੂਹ ਨੇ ਆਪਣੀ ਚਿਰੋਕੀ ਰੀਝ ਨੂੰ ਪੂਰਾ ਕਰਨ ਵਾਸਤੇ ਸ: ਗੁਰਬਖ਼ਸ਼ ਸਿੰਘ ਬਨੋਆਣਾ ਨੂੰ ਇਕ ਵਿਸ਼ੇਸ਼ ਸਮਾਰੋਹ ਵਿਚ ਸਨਮਾਨਣ ਦਾ ਫੈਸਲਾ ਕੀਤਾ ਹੈ। ਇਸ ਸਮਾਰੋਹ ਸਮੇਂ ਹੋਰ ਪ੍ਰੋਗਰਾਮਾਂ ਤੋਂ ਇਲਾਵਾ ਬਨੋਆਣਾ ਜੀ ਦੀ ਜੀਵਨੀ, ਘੋਲਾਂ ਅਤੇ ਰਚਨਾਵਾਂ ਸਬੰਧੀ ਇਕ ਸਮਾਰਿਕਾ (ਸੋਵੀਨਰ ਪ੍ਰਕਾਸ਼ਤ ਕੀਤੀ ਜਾਵੇਗੀ ਅਤੇ ਆਪ ਨੂੰ ਮਾਇਆ ਦੀ ਥੈਲੀ ਭੇਟ ਕੀਤੀ ਜਾਵੇਗੀ। ਇਹ ਸਮਾਰੋਹ ਸਤੰਬਰ ਮਹੀਨੇ ਵਿਚ ਜਲੰਧਰ ਵਿਖੇ ਕੀਤਾ ਜਾ ਰਿਹਾ ਹੈ

ਇਸ ਮੰਤਵ ਵਾਸਤੇ ਅਸੀਂ ਬੇਨਤੀ ਕਰਦੇ ਹਾਂ ਕਿ ਆਪ ਇਸ ਯੱਗ ਵਿਚ ਭਰਪੂਰ ਮਾਇਕ ਸਹਿਯੋਗ ਦੇ ਕੇ ਅਤੇ ਸਮਾਰਿਕਾ ਵਾਸਤੇ ਲੇਖ, ਰਾਵਾਂ ਅਤੇ ਇਸ਼ਤਿਹਾਰ ਭੇਜ ਕੇ ਇਸ ਕਾਰਜ ਨੂੰ ਸਫਲ ਬਨਾਓ।

ਸੋਵੀਨਰ ਦਾ ਆਕਾਰ $\frac{20''\times30''}{8}$

ਧਨਵਾਦ ਸਹਿਤ

ਬਨੋਆਣਾ ਸਨਮਾਨ ਕਮੇਟੀ ਵਲੋਂ

(ਜਗਦੀਸ਼ ਸਿੰਘ)
ਕਨਵੀਨਰ

Cheques/drafts should be sent in favour of "Banoana Sanman Committee"

Registered NW/JL—97 MONTHLY WARIAM August, 198[illegible]
Registered with the registerar of News Papers for India No. 26453/75

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jullundur-144001